Estd: 2000

ਮਾਰਚ/ March - 2022
ਸਾਲ/ Year - 05
ਅੰਕ/ Edition - 12
ਸਫੇ/ Page - 16

Anual Subcription 500/-

Regd Office:
1195, Ajit Nagar
Moga-142001 (Punjab)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ-ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPUN 04016 * Help Line: 9988-92-9988 * E-mail: mehakwattandi@rediffmail.com * www.mehakwatandilive.com



## ਭਗਵੰਤ ਮਾਨ ਨੇ 45,000 ਤੋਂ ਵੱਧ ਵੋਟਾਂ ਨਾਲ ਰਿਕਾਰਡ ਜਿੱਤ ਹਾਸਿਲ ਕੀਤੀ..

## ਮੋਗਾ ਜ਼ਿਲ੍ਹੇ ਦੇ ਚਾਰੋ ਹਲਕਿਆਂ ਵਿਚ ਆਮ ਆਦਮੀ ਪਾਰਟੀ ਨੇ ਹਾਸਲ ਕੀਤੀ ਹੂੰਝਾਫੇਰ ਜਿੱਤ

# ਪੰਜਾਬ ਹੋਇਆ ਆਮ ਆਦਮੀ ਪਾਰਟੀ ਦਾ...

## ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਹੋਵੇਗਾ ਸਹੁੰ ਚੁੱਕ ਸਮਾਰੋਹ...



Scanned with CamScanner



ਬਹੁਤ ਹੀ ਦੁੱਖ ਦੀ ਖ਼ਬਰ ਸੁਣਨ ਨੂੰ ਮਿਲੀ ਕਿ ਦੀਪ ਸਿੱਧੂ ਸਦਾ ਲਈ ਅਲਵਿਦਾ ਕਹਿ ਗਿਆ। ਮੁੰਡਾ ਹੀਰਾ ਸੀ, ਨਿਧੜਕ ਯੋਧਾ ਸੀ। ਆਸ ਦੀ ਕਿਰਨ ਲੈ ਕੇ ਪ੍ਰਗਟ ਹੋਇਆ ਸੀ। ਸਿੱਖ ਕੌਮ ਦਾ ਚੜ੍ਹਦਾ ਸੂਰਜ ਛੁਪ ਗਿਆ। ਅਸੀਂ ਜਿਉਂਦੇ ਜੀ ਕਿਸੇ ਤੇ ਭਰੋਸਾ ਨਹੀਂ ਕਰਦੇ। ਸਾਡੀ ਫਿਤਰਤ ਬਣ ਗਈ ਹੈ। ਕੁਝ ਧੋਖੇਬਾਜ਼ ਮੋਢੀਆਂ ਦੀ, ਜਰਨੈਲਾਂ ਦੀ, ਜਥੇਦਾਰਾਂ ਦੀ ਵਜ੍ਹਾਂ ਦੇ ਨਾਲ ਸਾਰਿਆ ਦੀ ਅਸਲੀਅਤ ਤੇ ਸ਼ੱਕ ਹੁੰਦੀ ਹੈ। ਕੌਮ ਨੇ ਵੀ... ਸਾਰਿਆਂ ਨੇ ਨਹੀਂ, ਬਹੁਤਿਆਂ ਨੇ ਨਹੀਂ, ਥੋੜਿਆ ਨੇ ਦੀਪ ਸਿੱਧੂ ਤੇ ਵੀ ਛੱਕ ਕੀਤਾ। ਪਰ ਕੌਮ ਦੀ ਆਵਾਜ਼ ਉਠਾਉਣ ਵਾਲਾ ਇਤਹਾਸ ਵਿਚੋਂ, ਨੌਜਵਾਨਾਂ ਨੂੰ ਇਤਿਹਾਸ ਦੇ ਪੰਨੇ ਦੱਸਣ ਵਾਲਾ, ਮਹਾਂਪੁਰਖਾਂ ਦੀਆਂ ਗੱਲਾਂ ਕਰਨ ਵਾਲਾ, ਸਿਧਾਂਤ ਉੱਤੇ ਪਹਿਰਾ ਦੇਣ ਵਾਲਾ ਇੱਕ ਚੜ੍ਹਦਾ ਸੂਰਜ ਛੁਪ ਗਿਆ।

ਸਿੱਖ ਕੌਮ ਨੂੰ ਇਹ ਬਹੁਤ ਵੱਡਾ ਘਾਟਾ ਪਿਆ ਹੈ ਸਾਨੂੰ ਪਤਾ ਨਹੀਂ ਲੱਗਦਾ ਅਜਿਹੀਆਂ ਰੂਹਾਂ ਹੁੰਦੀਆਂ ਅਤੇ ਚਲੀਆਂ ਜਾਂਦੀਆਂ ਹਨ। ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਪਤਾ ਲੱਗਦਾ ਹੈ। ਬਹੁਤ ਨੌਜਵਾਨਾਂ ਤੇ ਅਸਰ ਹੋਇਆ ਸੀ ਦੀਪ ਸਿੱਧੂ ਦੀਆਂ ਤਕਰੀਰਾਂ ਦਾ ਦੀਪ, ਸਿੱਧੂ ਦੇ ਭਾਸ਼ਨ ਦਾ! ਭਵਨਦੀਪ ਸਿੰਘ ਦੀਪ ਸਿੱਧੂ ਦੇ ਬੇ-ਵਕਤ ਚਲੇ ਜਾਣ ਦਾ ਕੌਮ ਨੂੰ ਤਾਂ ਕਾਫ਼ੀ ਘਾਟਾ ਪਿਆ ਹੀ ਹੈ ਤੇ ਆਪਾਂ ਨੂੰ ਪਰਸਨਲ ਤੌਰ ਤੇ ਵੀ ਅਤੇ ਅਦਾਰਾ 'ਮਹਿਕ ਵਤਨ ਦੀ' ਨੂੰ ਵੀ ਕਾਫ਼ੀ ਘਾਟਾ ਪਿਆ ਹੈ ਕਿਉਂਕਿ ਦੀਪ ਸਿੱਧੂ ਆਪਣਾ ਵਧੀਆ ਮਿੱਤਰ ਸੀ।

# ਦਿਲੀ ਸ਼ਰਧਾਜਲੀ

# ਅਲਵਿਦਾ !

# ਦੀਪ ਸਿੱਧੂ



ਦੁੱਖੀ ਹਿਰਦੇ ਨਾਲ

## ਮੁੱਖ ਸੇਵਾਦਾਰ

## ਬਾਬਾ ਫੌਜਾ ਸਿੰਘ ਜੀ

## ਗੁਰਦੂਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)

Scanned with CamScanner

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਅਲਵਿਦਾ ਮੇਰੇ ਪਿਆਰੇ ਦੋਸਤ ਦੀਪ ਸਿੱਧੂ

ਜਦੋਂ ਫੋਨ ਤੇ ਮੈਸਿਜ ਆਇਆ ਕਿ ਦੀਪ ਸਿੱਧੂ ਸੜਕ ਹਾਦਸੇ ਵਿੱਚ ਹਾਲਾਕ ਤਾਂ ਪੜ੍ਹਦੇ ਸਾਰ ਪੈਰਾਂ ਹੇਠੋਂ ਜਮੀਨ ਨਿਕਲ ਗਈ। ਇੱਕਦਮ ਦਿਮਾਗ ਸੁੰਨ ਹੋ ਗਿਆ। ਲੋਕਾਂ ਲਈ ਇਕ ਖਾਸ ਖਬਰ ਸੀ ਪਰ ਮੇਰੇ ਲਈ ਗਹਿਰਾ ਦੁੱਖ। ਦਿਲ ਰੋ ਰਿਹਾ ਸੀ ਤੇ ਦਿਮਾਗ ਅਰਦਾਸ ਕਰਦਾ ਸੀ ਕਿ ਇਹ ਅਫਵਾਹ ਹੀ ਹੋਵੇ ਪਰ ਦਿਲ ਦਾ ਰੋਣ ਸੱਚ ਹੋ ਗਿਆ। ਮੇਰਾ ਪਿਆਰਾ ਦੋਸਤ ਦੀਪ ਸਿੱਧੂ! ਜਿਸ ਨਾਲ ਮੇਰੀਆਂ ਅੱਜ ਤੱਕ ਸਿਰਫ ਤਿੰਨ ਮੁਲਾਕਾਤਾਂ ਹੀ ਹੋਈਆਂ ਸਨ ਪਰ ਮੈਨੂੰ ਉਹ ਸਦਾਂ ਲਈ ਆਪਨਾ ਬਣਾ ਕੇ ਅਤੇ ਸਦਾ ਲਈ ਰਵਾ ਕੇ ਤੁਰ ਗਿਆ।

ਕਿਸਾਨੀ ਅੰਦੋਲਣ ਦਾ ਉਹ ਜਾਬਾਜ ਸਿਪਾਹੀ ਜਿਸ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਮੈਂ ਪੂਰੀ ਤਰ੍ਹਾਂ ਕਿਸਾਨੀ ਅੰਦੋਲਨ ਨਾਲ ਜੁੜਿਆਂ ਸੀ। ਮੇਰੇ ਅਨੁਸਾਰ ਤਾਂ ਕਿਸਾਨ ਅੰਦੋਲਣ ਦੀ ਸ਼ੁਰੂਆਤ 'ਸੰਭੂ ਬਾਰਡਰ' ਤੋਂ ਹੋਈ ਸੀ। ਜਦ ਸੰਭੂ ਬਾਰਡਰ ਤੇ ਦੀਪ ਸਿੱਧੂ ਨੇ ਕਿਸਾਨਾਂ ਦੇ ਹੱਕ ਵਿੱਚ ਧਰਨੇ ਦੀ ਸ਼ੁਰੂਆਤ ਕੀਤੀ ਸੀ ਤਾਂ ਮੈਂ ਬਾਬਾ ਸੁਰਿੰਦਰ ਸਿੰਘ ਉਰਫ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲਿਆਂ ਦੇ ਨਾਲ ਅਸੀਂ ਦੀਪ ਸਿੱਧੂ ਕੋਲ ਸੰਭੂ ਬਾਰਡਰ ਤੇ ਗਏ ਸੀ। ਫੇਰ ਕਿਸਾਨ ਅੰਦੋਲਣ ਦਾ ਦਾਇਰਾ ਵੱਡਾ ਹੋ ਗਿਆ ਤੇ ਕਿਸਾਨ ਵਿਰੋਧੀ ਬਿੱਲਾਂ ਦੇ ਖਿਲਾਫ ਦਿੱਲੀ ਦੇ 'ਸਿੰਘੂ ਬਾਰਡਰ' ਤੇ ਧਰਨਾ ਸ਼ੁਰੂ ਹੋ ਗਿਆ। ਵੇਖਦੇ ਹੀ ਵੇਖਦੇ ਇਹ ਧਰਨਾ ਵਿਸ਼ਾਲ ਮੋਰਚੇ ਦਾ ਰੂਪ ਧਾਰਨ ਕਰ ਗਿਆ। ਜਦ ਸੰਭੂ ਬਾਰਡਰ ਤੇ ਦੀਪ ਸਿੱਧੂ ਨੇ ਕਿਸਾਨਾਂ ਦੇ ਹੱਕ ਵਿੱਚ ਧਰਨੇ ਦੀ ਸ਼ੁਰੂਆਤ ਕੀਤੀ ਸੀ ਉਦੋਂ ਤੋਂ ਹੀ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲਿਆਂ ਨੇ ਦੀਪ ਸਿੱਧੂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ ਸੀ। ਜਦ ਅਸੀਂ ਪਹਿਲੀ ਵਾਰ 'ਸਿੰਘੂ ਬਾਰਡਰ' ਤੇ ਗਏ ਸੀ ਤਾਂ ਬਾਬਾ ਫੋਜਾ ਸਿੰਘ ਜੀ ਨੇ ਦੀਪ ਸਿੱਧੂ ਨਾਲ ਮੇਰੀ ਮੁਲਾਕਾਤ ਕਰਵਾਈ ਸੀ। ਉਸ ਦਿਨ ਅਸੀਂ ਤਕਰੀਬਨ ਤਿੰਨ ਘੰਟੇ ਇਕੱਠੇ ਰਹੇ। ਉਸ ਪਹਿਲੀ ਮੁਲਾਕਾਤ ਵਿੱਚ ਹੀ ਉਹ ਮੇਰੇ ਲਈ ਮੇਰਾ ਬਹੁੱਤ ਵਧੀਆ ਦੋਸਤ ਬਣ ਗਿਆ ਸੀ। ਵਾਪਸ ਆਉਣ ਲਈ ਲੱਗੇ ਉਹ ਮੈਨੂੰ ਘੁੱਟ ਕੇ ਗਲ ਲੱਗ ਕੇ ਮਿਲਿਆ ਤਾਂ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸ ਨਾਲ ਜਨਮਾਂ ਦੀ ਸਾਂਝ ਹੋਵੇ।

ਦੂਸਰੀ ਮੁਲਾਕਾਤ ਦਿੱਲੀ ਅੰਦੋਲਣ ਦੇ ਸ਼ੁਰੂ ਵਿੱਚ ਅਚਾਨਕ ਹੋਈ ਤੇ ਦੀਪ ਸਿੱਧੂ ਭੀੜ ਵਿਚੋਂ ਦੀ ਲੰਘ ਕੇ ਮੇਰੇ ਕੋਲ ਆ ਕੇ ਮੇਰੇ ਗਲ ਲੱਗ ਕੇ ਮਿਲਿਆ ਤੇ ਬਾਬਾ ਫੋਜਾਂ ਸਿੰਘ ਜੀ ਬਾਰੇ ਪੁਛਿਆ, ਮੈਂ ਦੱਸਿਆ ਕਿ ਮੈਂ ਉਨ੍ਹਾਂ ਦੇ ਨਾਲ ਹੀ ਆਇਆ ਹਾਂ। ਦੀਪ ਸਿੱਧੂ ਨੇ ਕਿਹਾ ਕਿ ਮੈਂ ਬਾਬਾ ਜੀ ਨੂੰ ਫੋਨ ਕਰਕੇ ਮਿਲਦਾ ਹਾਂ ਪਰ ਸ਼ਾਇਦ ਦੀਪ ਸਿੱਧੂ ਕਿਸੇ ਖਾਸ ਕੰਮ ਵਿੱਚ ਬਿਜੀ ਹੋਣ ਕਾਰਨ ਮਿਲ ਨਹੀਂ ਸਕਿਆ। ਇਹ ਮੁਲਾਕਾਤ ਕੁੱਝ ਮਿੰਟਾ ਦੀ ਹੀ ਸੀ। ਤੀਸਰੀ ਵਾਰ ਦੀਪ ਸਿੱਧੂ ਉਦੋਂ ਮਿਲਿਆ ਜਦੋਂ ਉਹ ਰਿਹਾਅ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਇਆ ਸੀ। ਉਦੋਂ ਭਾਰੀ ਇਕੱਠ ਹੋਣ ਕਰਕੇ ਸਿਰਫ ਦੂਰੋ ਹੀ ਹੈਲੋ ਹੋਈ ਤੇ ਮੈਂ ਇਹ ਸੋਚ ਕੇ ਜਲਦੀ ਆ ਗਿਆ ਕਿ ਬਾਬਾ ਫੌਜਾ ਸਿੰਘ ਜੀ ਤੋਂ ਦੀਪ ਸਿੱਧੂ ਦਾ ਨੰਬਰ ਲੈ ਕੇ ਫਰੀ ਟਾਈਮ ਆਰਾਮ ਨਾਲ ਗੱਲ-ਬਾਤ ਕਰਾਗੇ ਪਰ ਪਤਾ ਹੀ ਨਹੀਂ ਸੀ ਕਿ ਦੀਪ ਸਿੱਧੂ ਸਾਨੂੰ ਇੰਨੀ ਜਲਦੀ ਛੱਡ ਜਾਵੇਗਾ ਅਤੇ ਫੇਰ ਸਾਡਾ ਕਦੇ ਮੇਲ ਹੀ ਨਹੀਂ ਹੋਵੇਗਾ। ਅਜੇ ਵੀ ਯਕੀਨ ਨਹੀਂ ਆਉਂਦਾ ਕਿ ਉਹ ਸਾਨੂੰ ਸਦੀਵੀ ਵਿਛੋੜਾਂ ਦੇ ਗਿਆ ਹੈ।

ਮੈਂ ਤੇ ਦੀਪ ਸਿੱਧੂ ਨੇ ਪਹਿਲੀ ਮੁਲਾਕਾਤ ਵਿੱਚ ਇੱਕ ਦੂਜੇ ਨਾਲ ਜੋ ਵਾਅਦੇ ਕੀਤੇ ਸਨ ਰੱਬ ਨੇ ਉਹ ਪੂਰੇ ਕਰਨ ਦਾ ਮੌਕਾ ਹੀ ਨਹੀਂ ਦਿੱਤਾ। ਦੀਪ ਸਿੱਧੂ ਨੇ ਕਿਹਾ ਸੀ ਕਿ ਬਾਈ ਤੁਸੀਂ ਹੀ ਮੇਰੀਆਂ ਫਿਲਮਾਂ ਦੀ ਪ੍ਰਮੋਸ਼ਨ ਕਰਨੀ ਹੈ। ਉਸ ਨੇ ਮੈਨੂੰ ਕਿਹਾ ਸੀ ਕਿ ਬਾਈ ਕਿਸਾਨੀ ਸੰਘਰਸ਼ ਦੀ ਖੁੱਲ੍ਹ ਕੇ ਹਮਾਇਤ ਕਰਨੀ ਹੈ। ਖੁੱਲ੍ਹ ਕੇ ਲਿਖਣਾ ਹੈ ਅਤੇ ਮੈਂ ਇਸ ਤਰਾਂ ਹੀ ਕੀਤਾ ਹੈ। ਸਮੇਂ-ਸਮੇਂ ਅਨੁਸਾਰ ਮੈ ਦੀਪ ਸਿੱਧੂ ਦੀਆਂ ਖਬਰਾਂ ਵੀ ਪ੍ਰਕਾਸ਼ਿਤ ਕੀਤੀਆਂ ਹਨ। ਕਈ ਲੋਕਾਂ ਨੇ ਇਸ ਗੱਲ ਤੇ ਇਤਰਾਜ ਵੀ ਕੀਤਾ ਸੀ ਕਿ ਉਹ ਭਾਜਪਾ ਦਾ ਬੰਦਾ ਹੈ ਪਰ ਮੈਨੂੰ ਉਹ ਸਿਰਫ ਕਿਸਾਨੀ ਸੰਘਰਸ਼ ਦਾ ਜਾਬਾਜ ਸਿਪਾਹੀ ਨਜਰ ਆਉਂਦਾ ਸੀ ਜਿਸ ਨੇ ਮੈਨੂੰ ਕਿਸਾਨੀ ਸੰਘਰਸ਼ ਦੀ ਹਮਾਇਤ ਦੇ ਰਾਹ ਤੇ ਤੋਰਿਆ ਸੀ। ਮੇਰਾ ਦੀਪ ਸਿੱਧੂ ਨਾਲ ਜਿਆਦਾ ਰਾਬਤਾ ਨਹੀਂ ਸੀ ਹੁੰਦਾ ਪਰ ਫਿਰ ਵੀ ਮੈਨੂੰ ਪਤਾ ਤਾਂ ਸੀ ਕਿ ਉਹ ਮੇਰੇ ਨਾਲ ਖੜ੍ਹਾ ਹੈ।

ਦੀਪ ਸਿੱਧੂ ਨੂੰ ਭਾਜਪਾ ਦਾ ਏਜੰਟ ਕਹਿਣ ਵਾਲਿਆ ਲਈ ਮੈਂ ਆਪਣੇ ਅਖਬਾਰ ਵਿੱਚ ਲਿਖਿਆ ਸੀ ਕਿ ਇਥੇਂ ਇਹ ਵੀ ਜਿਕਰਯੋਗ ਗੱਲ ਹੈ ਕਿ ਦੀਪ ਸਿੱਧੂ ਖਿਲਾਫ ਕੁਝ ਲੋਕਾਂ ਵੱਲੋਂ ਬਹੁੱਤ ਕੂੜ ਪ੍ਰਚਾਰ ਕੀਤਾ ਗਿਆ। ਕਿਸੇ ਨੇ ਦੀਪ ਸਿੱਧੂ ਨੂੰ ਭਾਜਪਾ ਦਾ ਏਜੰਟ ਕਿਹਾ, ਕਿਸੇ ਨੇ ਗੱਦਾਰ ਕਿਹਾ ਤੇ ਕਿਸੇ ਨੇ ਉਸ ਨੂੰ ਨੋਟੰ-ਕੀਬਾਜ ਕਿਹਾ, ਕੋਈ ਕਹਿੰਦਾ ਉਹ ਨੌ-ਜਵਾਨਾ ਨੂੰ ਗੁੰਮਰਾਹ ਕਰ ਰਿਹਾ ਹੈ। ਪਰ ਸੋਚਣ ਵਾਲੀ ਗੱਲ ਹੈ ਕਿ ਬੀ.ਜੇ.ਪੀ. ਦਾ ਬੰਦਾ ਤਿੰਨ-ਤਿੰਨ ਮਹੀਨੇ ਕਾਲ ਕੋਠੜੀ ਵਿੱਚ ਰਹਿ ਕੇ ਆਉਗਾ? ਜੇ ਉਹ ਭਾਜਪਾ ਦਾ ਬੰਦਾ ਹੁੰਦਾ ਤਾਂ ਪੁਲਿਸ ਵੱਲੋਂ ਉਸ ਨੂੰ ਤਿੰਨ-ਤਿੰਨ ਦਿਨ ਭੁੱਖਾ ਨਹੀਂ ਰੱਖਿਆ ਜਾਣਾ ਸੀ? ਕਈ-ਕਈ ਦਿਨ ਉਸ ਨੂੰ ਸੋਣ ਨਹੀਂ ਦਿੱਤਾ ਗਿਆ। ਅਜਿਹੇ ਤਸੀਹੇ ਸਰਕਾਰ ਦੇ ਬੰਦੇ ਨੂੰ ਨਹੀਂ ਦਿੱਤੇ ਜਾਦੇ। ਦੀਪ ਸਿੱਧੂ ਸੈਲੀਬਰੇਟੀ ਪਰਸਨ ਸੀ ਉਹ ਫਿਲਮ ਇੰਡਸਟਰੀ ਨਾਲ ਸਬੰਧ ਰੱਖਦਾ ਸੀ। ਪੇਸ਼ੇ ਤੋਂ ਵਕੀਲ ਸੀ ਉਸ ਨੂੰ ਕੀ ਲੋੜ ਸੀ ਇਨ੍ਹਾਂ ਸੰਘਰਸ਼ਾ ਵਿੱਚ ਕੁੱਦਨ ਦੀ ? ਬੱਸ ਉਸ ਦੇ ਮਨ ਵਿੱਚ ਜਜਬਾ ਸੀ ਆਪਣੇ ਵਤਨ ਨੂੰ ਖੁਸ਼ਹਾਲ ਵੇਖਣ ਦਾ। ਕਈਆਂ ਦਾ ਕਹਿਣਾ ਹੈ ਕਿ ਦੀਪ ਸਿੱਧੂ ਖਾਲਸਤਾਨੀ ਸੋਚ ਵਾਲਾ ਹੈ, ਉਹ ਭਿੰਡਰਾਂ ਵਾਲੇ ਸੰਤਾ ਦਾ ਉਪਾਸਕ ਹੈ। ਪਾਠਕੋ! ਦੀਪ ਸਿੱਧੂ ਜੇਕਰ ਖਾਲਸਤਾਨੀ ਸੋਚ ਵਾਲਾ ਹੈ ਵੀ ਤਾਂ ਕਿਹੜੀ ਗੱਲ ਹੈ ਹਰ ਇੱਕ ਇਨਸਾਨ ਦੀ ਆਪਣੀ-ਆਪਣੀ ਸੋਚ ਹੁੰਦੀ ਹੈ। ਅੱਜ ਲੱਖਾਂ ਨੌ-ਜਵਾਨਾਂ ਦੇ ਮਨ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਵਸਦੇ ਹਨ, ਉਨ੍ਹਾਂ ਦੇ ਉਪਾਸਕ ਹੋਣ ਵਿੱਚ ਕੀ ਹਰਜ ਹੈ। ਪਰ ਸਾਨੂੰ ਇਹ ਜਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਕਿਸਾਨੀ ਸੰਘਰਸ਼ ਵਿੱਚ ਨੌ-ਜਵਾਨਾ ਨੂੰ ਨਾਲ ਤੋਰਨ ਵਿੱਚ ਦੀਪ ਸਿੱਧੂ ਦਾ ਬਹੁੱਤ ਵੱਡਾ ਰੋਲ ਹੈ।

ਖੈਰ! ਪ੍ਰਮਾਤਮਾ ਨੇ ਦੀਪ ਸਿੱਧੂ ਦੀ ਇੰਨੀ ਹੀ ਸੇਵਾ ਲਿਖੀ ਸੀ। ਦਿਲ ਨਹੀਂ ਮੰਨਦਾ ਕਿ ਦੀਪ ਸਿੱਧੂ ਐਕਸੀਡੈਂਟ ਦਾ ਸ਼ਿਕਾਰ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਕ ਦਿੱਲੀ ਦੇ ਸਿੰਘੂ ਬਾਰਡਰ ਦੇ ਕੇ.ਐਮ.ਪੀ ਕੋਲ ਦੀਪ ਸਿੱਧੂ ਆਪਣੀ ਦੋਸਤ ਨਾਲ ਗੱਡੀ ਤੇ ਜਾ ਰਹੇ ਸਨ। ਜਿਥੇ ਸੜਕ ਤੇ ਖੜ੍ਹੇ ਇਕ ਕੰਟੇਨਰ 'ਚ ਅਚਾਨਕ ਇੱਕ ਦਮ ਗੱਡੀ ਵੱਜਣ ਕਾਰਨ ਮੌਕੇ ਤੇ ਦੀਪ ਸਿੱਧੂ ਦੀ ਮੌਤ ਹੋ ਗਈ ਅਤੇ ਓਨਾ ਦੀ ਦੋਸਤ ਨੂੰ ਵੀ ਗੰਭੀਰ ਸੱਟਾਂ ਲੱਗੀਆਂ।

ਪਰ ਦੀਪ ਸਿੱਧੂ ਦੀ ਮੌਤ ਦਾ ਕਾਰਨ ਮਹਿਜ ਸੜਕ ਹਾਦਸਾ ਨਹੀਂ ਲੱਗਦਾ ਸਗੋ ਇਹ ਵੱਡੀ ਸਾਜਿਸ਼ ਤਹਿਤ ਹੋਇਆ ਕਤਲ ਲੱਗਦਾ ਹੈ। ਲੱਗਦਾ ਦੀਪ ਸਿੱਧੂ ਨਾਲ ਇਹ ਕਰਵਾਇਆ ਗਿਆ ਕਿਉਂਕਿ ਇੱਕ ਇਹ ਹੀ ਬੰਦਾ ਸੀ ਜਿਹੜਾ ਆਪਣੇ ਸਟੈਂਡ ਤੇ ਆਪਣੀ ਗੱਲ ਤੇ ਡਟ ਕੇ ਖੜਾ ਸੀ। ਕਈ ਤਾਂ ਕੁਰਸੀ ਲਈ ਵਿੱਕ ਗਏ, ਇਸ ਲਈ ਸਰਕਾਰੀ ਲੀਡਰਾਂ ਦੇ ਅੱਖਾ 'ਚ ਦੀਪ ਸਿੱਧੂ ਰੜਕ ਰਿਹਾ ਸੀ। ਇਥੇਂ ਅੱਜ ਜਿਕਰਯੋਗ ਹਨ ਜੱਥੇਦਾਰ ਜਗਦੇਵ ਸਿੰਘ ਖੁਡੀਆ, ਜੱਥੇਦਾਰ ਕਾਉਂਕੇ ਜੀ, ਕੈਪਟਨ ਕੰਵਲਜੀਤ ਸਿੰਘ, ਯੋਗਾ ਸਿੰਘ, ਹਰਮਿੰਦਰ ਸੰਧੂ ਤੇ ਅੱਜ ਦੀਪ ਸਿੱਧੂ! ਅਜਿਹੇ ਲੋਕ ਹੀ ਕਿਉਂ ਸੜਕ ਹਾਦਸੇ ਦਾ ਸ਼ਿਕਾਰ ਹੋਏ ਹਨ, ਜੋ ਹੱਕ ਸੱਚ ਲਈ ਬੋਲਦੇ ਹਨ? ਸੜਕ ਹਾਦਸਾ ਉਸ ਨਾਲ ਹੀ ਕਿਉਂ ਵਾਪਰਦਾ ਹੈ?

ਉਹ ਮਾਣ-ਮੱਤੀ ਸ਼ਖਸੀਅਤ ਜਿਸ ਨਾਲ ਮਿਲ ਕੇ 'ਮਹਿਕ ਵਤਨ ਦੀ ਲਾਈਵ' ਬਿਓਰੋ ਨੇ ਵੱਡੇ ਕਦਮ ਪੁਟਨੇ ਸਨ ਉਹ ਪਿਆਰਾ ਦੋਸਤ ਦੀਪ ਸਿੱਧੂ ਬੇ-ਵਕਤ ਵਿਛੋੜਾ ਦੇ ਗਿਆ ਹੈ। ਉਸ ਦਾ ਤੁਰ ਜਾਣਾ ਆਮ ਲੋਕਾਂ ਲਈ ਬਰੈਕਿੰਗ ਨਿਊਜ ਹੈ ਪਰ ਅਸਲ ਵਿੱਚ ਪੰਜਾਬ ਲਈ, ਕਿਸਾਨੀ ਸੰਘਰਸ਼ ਨਾਲ ਜੁੜੀ ਨੌ-ਜਵਾਨੀ ਲਈ ਇਹ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮੇਰੇ ਕੋਲ ਕੋਈ ਅਜਿਹੇ ਸ਼ਬਦ ਨਹੀਂ ਜੋ ਵੀਰ ਦੀਪ ਸਿੱਧੂ ਦੇ ਵਿਛੋੜੇ ਵਿੱਚ ਕਹੇ ਜਾਣ। ਪ੍ਰਮਾਤਮਾ ਵੀਰ ਦੀਪ ਸਿੱਧੂ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ ਅਤੇ ਉਸ ਨੂੰ ਚਾਹੁੰਣ ਵਾਲਿਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਅਲਵਿਦਾ ਪਿਆਰੇ ਦੋਸਤ ਦੀਪ ਸਿੱਧੂ!


International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' • ਲਾਈਵ

Titel Regd. No. PUNPUN 04016 | Year 05 | Edition 12 | Issue Date: 12-March-2022



ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ

ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ

ਸੰਪਾਦਕ : ਕੁਲਵਿੰਦਰ ਸਿੰਘ ਤਾਰੇਵਾਲਾ

ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ

ਧਾਰਮਿਕ ਸੰਪਾਦਕ : ਮਹਿੰਦਰ ਸਿੰਘ ਮੇਹਨਤੀ

ਸਾਹਿਤਕ ਸੰਪਾਦਕ : ਜਸਵੀਰ ਪੁਰੈਣ

ਇੰਚਾਰਜ (ਪ੍ਰਿੰਟ ਐਡੀਸ਼ਨ) : ਸੁਖਜੀਤ ਸਿੰਘ, ਜਲੰਧਰ

ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ

ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ

ਪ੍ਰੈਸ ਫੋਟੋਗ੍ਰਾਫਰ/ਕੈਮਰਾਮੈਨ : ਮਨਮੋਹਨ ਸਿੰਘ ਚੀਮਾ






ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜ਼ਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੇਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।





Chief Editor: Bhawandeep Singh Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' • ਲਾਈਵ Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

Help Line: 9988 92 9988

www.mehakwatandilive.com



ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿ.ਫਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।



ਟਾਈਟਲ ਡਿਜ਼ਾਇਨਿੰਗ : WP&S

ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।

ਮੋ. 98153-78692

ਵਿਸ਼ੇਸ ਨੋਟ

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।


Scanned with CamScanner

# ਧਾਰਮਿਕ ਸਰਗਰਮੀਆਂ



## ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਵਿੱਚ ਸਲਾਨਾ ਸ਼ਹੀਦੀ ਜੋੜ ਮੇਲਾ 20 ਮਾਰਚ ਦਿਨ ਐਤਵਾਰ ਨੂੰ -ਬਾਬਾ ਗੁਰਦੀਪ ਸਿੰਘ ਚੰਦਪੁਰਾਣਾ

ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ



ਦੇਸ਼ ਵਿਦੇਸ਼ ਵਿੱਚ ਜਾਣਿਆ ਜਾਦਾ ਭਾਰਤ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਵਿਖੇ ਹਰ ਸਾਲ ਦੀ ਤਰ੍ਹਾਂ ਸਾਲਾਨਾ ਸ਼ਹੀਦੀ ਜੋੜ ਮੇਲਾ 20 ਮਾਰਚ (7 ਚੇਤ) ਦਿਨ ਐਤਵਾਰ ਨੂੰ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਜੀ ਦੇ ਯੋਗ ਪ੍ਰਬੰਧਾ ਹੇਠ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ।

ਇਸ ਸਮਾਗਮ ਦੇ ਸਬੰਧ ਵਿੱਚ 11 ਮਾਰਚ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ ਅਤੇ 19 ਮਾਰਚ ਨੂੰ ਲੜੀ ਦੇ ਭੋਗ ਪਾਏ ਜਾਣਗੇ। ਬਾਬਾ ਜੀ ਦੱਸਿਆ ਕਿ 20 ਮਾਰਚ ਦਿਨ ਐਤਵਾਰ ਨੂੰ ਸਵੇਰੇ 09 ਵਜੇ ਤੋਂ ਸ਼ਾਮ 04 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਉੱਚ ਕੋਟੀ ਦੇ ਢਾਡੀ, ਕਥਾ ਵਾਚਕ ਅਤੇ ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲਿਆ ਸਮੇਤ ਕਈ ਮਹਾਪੁਰਖ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ।

ਇਸ ਸਮਾਗਮ ਸਬੰਧੀ ਵੱਡੇ ਪੱਧਰ ਤੇ ਤਿਆਰੀਆ ਕੀਤੀਆਂ ਜਾ ਰਹੀਆਂ ਹਨ। 20 ਏਕੜ ਵਿੱਚ ਪਾਰਕਿੰਗ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਵੱਖ-ਵੱਖ ਪਿੰਡਾ ਦੀਆਂ ਸੰਗਤਾਂ ਵੱਲੋਂ ਥਾਂ-ਥਾਂ ਗੁਰੁ ਕੇ ਲੰਗਰ, ਚਾਹ ਪਕੌੜਿਆ ਦੇ ਲੰਗਰ, ਜਲੇਬੀਆਂ ਦੇ ਲੰਗਰ ਅਤੇ ਛਬੀਲਾ ਵੀ ਲਗਾਈਆ ਜਾ ਰਹੀਆਂ ਹਨ।

ਬਾਬਾ ਜੀ ਵੱਲੋਂ ਸਮੂੰਹ ਸੰਗਤਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ।

Opening Soon in Moga
MEWADILA
Coffee's
...ਕੌਫੀ ਦਾ ਕੜਕ ਸਵਾਦ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ
ਫਰੀ ਕੰਪਿਊਟਰ ਕੋਰਸ
Free Computer Course



ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

Course: 6 Month
Class Time: 2 Hour
ਯੋਗਤਾ: ਦਸਵੀ ਪਾਸ
Qualifaction: 10th
ਕੋਰਸ: 6 ਮਹੀਨੇ
ਕਲਾਸ ਟਾਈਮ: 2 ਘੰਟੇ



ਸਰਕਾਰ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ
ਬਸਤੀ ਗੋਬਿਦਗੜ੍ਹ (ਨੇੜੇ ਗੁਰਦੁਆਰਾ ਸਾਹਿਬ) ਮੋਗਾ
97803-15788, 98783-15788, 94172-30506

ਅੰਤਰ-ਰਾਸ਼ਟਰੀ ਪੰਜਾਬੀ ਮੈਗਜੀਨ 'ਮਹਿਕ ਵਤਨ ਦੀ ਲਾਈਵ' ਅਤੇ ਵੈਬ ਚੈਨਲ 'ਮਹਿਕ ਵਤਨ ਦੀ ਲਾਈਵ' ਵਾਸਤੇ ਹਰ ਏਰੀਏ ਤੋਂ
ਪੱਤਰਕਾਰਾਂ ਦੀ ਜ਼ਰੂਰਤ
ਪੱਤਰਕਾਰ ਬਣਨ ਦੇ ਚਾਹਵਾਨ ਲੜਕੇ-ਲੜਕੀਆਂ ਜਲਦੀ ਸੰਪਰਕ ਕਰਨ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਮੋਗਾ (ਪੰਜਾਬ)
Help Line: (+91) 9988 92 9988
E-Mail: mehakwattandi@rediffmail.com

## ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਖੁਖਰਾਣਾ ਵਿਖੇ ਕੌਮੀ ਯੋਧੇ ਦੀਪ ਸਿੱਧੂ (ਭਾਈ ਸਨਦੀਪ ਸਿੰਘ ਸਿੱਧੂ) ਦੀ ਯਾਦ ਵਿੱਚ ਹੋਇਆ ਸਮਾਗਮ

### ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਜੀ ਨੇ ਦੀਪ ਸਿੱਧੂ ਦੇ ਜੀਵਨ ਬਾਰੇ ਪਾਇਆ ਚਾਨਣਾ

ਖੁਖਰਾਣਾ (ਮੋਗਾ)/ ਭਵਨਦੀਪ ਸਿੰਘ ਪੁਰਬਾ



ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਪਿੰਡ ਖੁਖਰਾਣਾ (ਜਿਲ੍ਹਾ ਮੋਗਾ) ਵਿਖੇ ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਜੀ ਖਾਲਸਾ ਦੀ ਸ੍ਰਪਰਸਤੀ ਹੇਠ ਕੌਮੀ ਯੋਧੇ ਦੀਪ ਸਿੱਧੂ (ਭਾਈ ਸਨਦੀਪ ਸਿੰਘ ਸਿੱਧੂ) ਦੀ ਯਾਦ ਵਿੱਚ ਸਮਾਗਮ ਹੋਇਆਂ ਜਿਸ ਵਿੱਚ ਕੌਮੀ ਵਿਚਾਰਾ ਕੀਤੀਆ ਗਈਆਂ। ਦੀਪ ਸਿੱਧੂ ਦੇ ਨਮਿੱਤ ਰੱਖੇ ਗਏ ਸ਼੍ਰੀ ਸਹਿਜ ਪਾਠ ਦੇ ਭੋਗ ਮੌਕੇ ਭਾਈ ਪਰਮਿੰਦਰ ਸਿੰਘ ਦਮਦਮੀ ਟਕਸਾਲ ਵਲਿਆਂ ਨੇ ਕਥਾਂ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ। ਉਨ੍ਹਾਂ ਦੀਪ ਸਿੱਧੂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਸ ਦੀ ਸੋਚ ਅਤੇ ਸਿਧਾਂਤਾਂ ਨੇ ਪਹਿਰਾ ਦੇਣ ਲਈ ਸੰਗਤਾ ਨੂੰ ਅਪੀਲ ਕੀਤੀ।



ਪਾਠ ਦੇ ਭੋਗ ਉਪਰੰਤ ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਜੀ ਖਾਲਸਾ ਨੇ ਦੀਪ ਸਿੱਧੂ ਦੀ ਆਤਮਾਂ ਦੀ ਸ਼ਾਤੀ ਅਤੇ ਸਮੂੰਹ ਸੰਗਤਾਂ ਦੀ ਚੜ੍ਹਦੀ ਕਲਾਂ ਲਈ ਗੁਰੂ ਮਹਾਰਾਜ ਅੱਗੇ ਅਰਦਾਸ ਬੇਨਤੀ ਕੀਤੀ। ਉਪਰੰਤ ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਜੀ ਨੇ ਦੀਪ ਸਿੱਧੂ ਦੇ ਜੀਵਨ ਬਾਰੇ ਚਾਨਣਾ ਪਾਇਆ। ਬਾਬਾ ਜੀ ਨੇ ਦੀਪ ਸਿੱਧੂ ਦੀ ਪੜ੍ਹਾਈ ਤੋਂ ਲੈ ਕੇ ਉਸ ਦੇ ਅਕਾਲ ਚਲਾਣੇ ਤੱਕ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਸੰਗਤਾਂ ਦੇ ਭਾਰੀ ਇਕੱਠ ਵਿੱਚ ਭਾਈ ਬਲਜਿੰਦਰ ਸਿੰਘ 'ਗੋਰਾ ਖੁਖਰਾਣਾ', ਭਾਈ ਹਰਪ੍ਰੀਤ ਸਿੰਘ ਖੁਖਰਾਣਾ, ਭਾਈ ਸਨਦੀਪ ਸਿੰਘ, ਭਾਈ ਹਰਪ੍ਰੀਤ ਸਿੰਘ ਮੁੱਦਕੀ, ਸ. ਊਧਮ ਸਿੰਘ ਕਲਕੱਤੇ ਵਾਲੇ, ਭਾਈ ਅਮਰੀਕ ਸਿੰਘ ਖੱਚਰਭੰਨ, ਸਰਪੰਚ ਦਰਸ਼ਨ ਸਿੰਘ ਸਾਅਵਾਲਾ, ਰਾਜਾ ਸਿੰਘ ਖੁਖਰਾਣਾ ਆਦਿ ਨੇ ਵਿਸ਼ੇਸ਼ ਸੇਵਾ ਨਿਭਾਈ।

## ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ) ਵਿਖੇ ਸ਼ੁਰੂ ਹੋਈ ਦੇ 100x80 ਦੇ ਵਿਸ਼ਾਲ ਸ਼ੈੱਡ ਦੀ ਕਾਰ ਸੇਵਾ

ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ



ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ) ਵਿਖੇ ਸੰਗਤਾਂ ਦੀ ਸਹੂਲਤ ਵਾਸਤੇ ਵਿਸ਼ਾਲ ਸ਼ੈੱਡ ਦੀ ਕਾਰ ਸੇਵਾ ਆਰੰਭ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆ ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ ਨੇ ਦੱਸਿਆ ਕਿ ਨਾਨਕਸਰ ਠਾਠ ਮੰਡੀਰਾਂ ਵਿਖੇ ਨਾਨਕਸਰ ਕਲੇਰਾ ਦੇ ਮੋਜੂਦਾ ਮਹਾਪੁਰਖ ਬਾਬਾ ਘਾਲਾ ਸਿੰਘ ਜੀ ਅਤੇ ਨਾਨਕਸਰ ਠਾਠ ਮੰਡੀਰਾਂ ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਸ੍ਰਪਰਸਤੀ ਹੇਠ ਵਿਸ਼ਾਲ ਦੀਵਾਨ ਹਾਲ ਬਣਾਉਦੇ ਹੋਏ 80ਣ100 ਸਕੈਅਰ ਫੁੱਟ ਦੇ ਸੈੱਡ ਸਥਾਪਿਤ ਕੀਤਾ ਜਾ ਰਿਹਾ ਹੈ।

ਇਸ ਸ਼ੈੱਡ ਸ਼ੁਰੂਆਤ ਕਰਨ ਲਈ ਨਾਨਕਸਰ ਕਲੇਰਾ ਦੇ ਮੋਜੂਦਾ ਮਹਾਪੁਰਖ ਬਾਬਾ ਘਾਲਾ ਸਿੰਘ ਜੀ ਅਤੇ ਬਾਬਾ ਮੈਗਲ ਸਿੰਘ ਜੀ ਦੇ ਸਪੁੱਤਰ ਬਾਬਾ ਹਰਵਿੰਦਰ ਸਿੰਘ ਜੀ ਨਾਨਕਸਰ ਵਾਲੇ ਮੁੱਖ ਤੌਰ ਤੇ ਹਾਜਰ ਹੋਏ। ਹਾਜਰ ਮਹਾਪੁਰਖਾਂ ਨੇ ਆਪਣੇ ਕਰ ਕਮਲਾ ਨਾਲ ਜਗ੍ਹਾਂ ਦੀ ਨਿਸਾਨ ਦੇਹੀ ਕਰਕੇ ਸ਼ੈੱਡ ਦਾ ਨਿਰਮਾਣ ਆਰੰਭ ਕੀਤਾ। ਇਸ ਸ਼ੈੱਡ ਦੀ ਕਾਰ ਸੇਵਾ ਬਾਬਾ ਘਾਲਾ ਸਿੰਘ ਜੀ ਨਾਨਕਸਰ, ਐਨ.ਆਰ.ਆਈ. ਵੀਰ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਹੋ ਰਹੀ ਹੈ।

ਇਸ ਸ਼ੈੱਡ ਦੀ ਸ਼ੁਰੂਆਤ ਮੌਕੇ ਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਕੇਵਲ ਸਿੰਘ ਸਾਫੂਵਾਲਾ, ਰਾਜ ਸਿੰਘ ਝੰਡੇਵਾਲਾ, ਕੁਲਦੀਪ ਹੈਪੀ, ਜੀਤਾ ਸਿੰਘ ਸੰਧੂ, ਬਲਵੰਤ ਸਿੰਘ, ਬਲਵੀਰ ਸਿੰਘ, ਗੁਰਦੀਪ ਸਿੰਘ, ਦਰਸ਼ਨ ਸਿੰਘ, ਸਿਰੂਪਾ ਸਿੰਘ, ਮੋਹਣੀ ਮੰਡੀਰਾਂ, ਇਕਬਾਲ ਸਿੰਘ ਸੰਘਾ ਆਦਿ ਸੇਵਾਦਾਰ ਮੁੱਖ ਤੌਰ ਤੇ ਹਾਜਰ ਸਨ।

## ਐਮ.ਐਲ.ਏ. ਮੋਗਾ ਡਾ. ਅਮਨਦੀਪ ਕੌਰ ਅਰੋੜਾ ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਖੁਖਰਾਣਾ ਵਿਖੇ ਹੋਏ ਨਤਮਸਤਕ



ਖੁਖਰਾਣਾ (ਮੋਗਾ)/ ਭਵਨਦੀਪ ਸਿੰਘ ਪੁਰਬਾ

ਮੋਗਾ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਸ਼੍ਰੀ ਦੁੱਖ ਭੰਜਨਸਰ ਸਾਹਿਬ ਖੁਖਰਾਣਾ ਵਿਖੇ ਨਤਮਸਤਕ ਹੋਏ। ਜਿਥੇ ਉਨ੍ਹਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਮੱਥਾ ਟੇਕਿਆ ਅਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ।

ਉਪਰੰਤ ਉਨ੍ਹਾਂ ਨੇ ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਜੀ ਖਾਲਸਾ ਖੁਖਰਾਣੇ ਵਾਲਿਆਂ ਨਾਲ ਮੁਲਾਕਾਤ ਵੀ ਕੀਤੀ। ਮੁਲਾਕਾਤ ਦੌਰਾਨ ਡਾ: ਅਮਨਦੀਪ ਕੌਰ ਨੇ ਬਾਬਾ ਜੀ ਦਾ ਧੰਨਵਾਦ ਕੀਤਾ। ਡਾ: ਅਮਨਦੀਪ ਦੇ ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਖੁਖਰਾਣਾ ਵਿਖੇ ਪਹੁੰਚਣ ਦੇ ਸ਼ੁਕਰਾਨੇ ਵਜੋਂ ਬਾਬਾ ਰੇਸਮ ਸਿੰਘ ਜੀ ਖੁਖਰਾਣਾ ਉਨ੍ਹਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਹੋਰਨਾ ਤੋਂ ਇਲਾਵਾ ਬਲਜਿੰਦਰ ਸਿੰਘ 'ਗੋਰਾ' (ਜੋਇੰਟ ਸੈਕਟਰੀ ਜਿਲ੍ਹਾ ਮੋਗਾ), ਕੌਂਸਲਰ ਹਰਜਿੰਦਰ ਸਿੰਘ ਰੋਡੇ, ਕੌਂਸਲਰ ਬਲਜੀਤ ਸਿੰਘ ਚਾਨੀ, ਕੌਂਸਲਰ ਜਗਜੀਤ ਸਿੰਘ ਹੁੰਦਲ, ਸ. ਊਧਮ ਸਿੰਘ ਕਲਕੱਤਾ, ਭਾਈ ਅਮਰੀਕ ਸਿੰਘ ਜੀਰਾ, ਭਾਈ ਹਰਪ੍ਰੀਤ ਸਿੰਘ ਮੁੱਦਕੀ, ਡਾ. ਮਨੀ ਆਦਿ ਵੀ ਹਾਜਰ ਸਨ।

## ਕੌਂਸਲਰ ਅਰਵਿੰਦਰ ਸਿੰਘ ਹੈਪੀ ਨਾਲ ਦੁੱਖ ਦਾ ਪ੍ਰਗਟਾਵਾ - ਪਿਤਾ ਜੀ ਸਵਰਗਵਾਸ

ਮੋਗਾ/ ਮਵਦੀਲਾ ਬਿਓਰੋ



ਕੌਂਸਲਰ ਅਰਵਿੰਦਰ ਸਿੰਘ ਕਾਨਪੁਰੀਆ (ਹੈਪੀ) ਦੇ ਸਤਿਕਾਰ ਯੋਗ ਪਿਤਾ ਸ. ਜਸਬੀਰ ਸਿੰਘ ਕਾਨਪੁਰ ਵਾਲੇ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਸਨ ਜਿਸ ਸਬੰਧ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਵੱਲੋਂ ਕੌਂਸਲਰ ਅਰਵਿੰਦਰ ਸਿੰਘ ਕਾਨਪੁਰੀਆ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਸ. ਜਸਬੀਰ ਸਿੰਘ ਕਾਨਪੁਰ ਵਾਲਿਆਂ ਦੇ ਅਕਾਲ ਚਲਾਣੇ ਦੇ ਸਬੰਧ ਵਿੱਚ ਕੌਂਸਲਰ ਗੁਰਪ੍ਰੀਤ ਸਿੰਘ ਸੱਚਦੇਵਾ, ਬਾਬਾ ਜਸਵੀਰ ਸਿੰਘ ਲੋਹਾਰਾ, ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਸ. ਗੁਰਮੇਲ ਸਿੰਘ ਪੁਰਬਾ, ਕਮਲਜੀਤ ਸਿੰਘ ਪੁਰਬਾ, ਬਲਸ਼ਰਨ ਸਿੰਘ, ਵੱਲੋਂ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਮਹਿਕ ਵਤਨ ਦੀ ਫਾਉਡੇਸ਼ਨ ਸੁਸਾਇਟੀ (ਰਜਿ:) ਮੋਗਾ, ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸ਼ੀਏਸ਼ਨ (ਰਜਿ:) ਮੋਗਾ, ਆਦਿ ਸੰਸਥਾਵਾ ਵੱਲੋਂ ਵੀ ਗਹਿਰੇ ਦੁੱਖ ਦਾ ਇਜਹਾਰ ਕੀਤਾ ਗਿਆ ਹੈ।

ਸ. ਜਸਬੀਰ ਸਿੰਘ ਕਾਨਪੁਰ ਵਾਲਿਆਂ ਦੀ ਆਤਮਿਕ ਸ਼ਾਤੀ ਲਈ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ 9 ਮਾਰਚ 2022 ਦਿਨ ਬੁੱਧਵਾਰ ਨੂੰ ਦੁਪਿਹਰ 12:00 ਤੋਂ 01:00 ਵਜੇ ਗੁਰਦੁਆਰਾ ਗੁਰੂ ਨਾਨਕਦੇਵ ਜੀ, ਮੁਹੱਲਾ ਨਾਨਕਪੁਰਾ ਵਿਖੇ ਹੋਈ ਜਿਸ ਵਿੱਚ ਕਈ ਨਾਮਵਰ ਸਖਸੀਅਤਾ, ਲੀਡਰ, ਕੌਂਸਲਰ ਅਤੇ ਇਲਾਕਾ ਨਿਵਾਸੀਆਂ ਨੂੰ ਨੇ ਹਾਜਰ ਹੋ ਕੇ ਕੌਂਸਲਰ ਅਰਵਿੰਦਰ ਸਿੰਘ ਕਾਨਪੁਰੀਆ ਨਾਲ ਦੁੱਖ ਸਾਂਝਾ ਕੀਤਾ।

Scanned with CamScanner




Scanned with CamScanner





# ਭੁੱਲੇ ਵਿਸਰੇ ਜੱਦੀ ਦਰਜ਼ੀ

ਪਿਛਲੇ ਸਮੇਂ ਵਿੱਚ ਜੋ ਸੁੱਖ ਸਹੂਲਤਾਂ ਸ਼ਹਿਰਾਂ ਵਿੱਚ ਸਨ, ਉਹ ਪਿੰਡਾਂ ਵਿੱਚ ਨਹੀਂ ਸਨ। ਅਜੋਕੇ ਸਮੇਂ ਤਾਂ ਪਿੰਡਾਂ ਦਾ ਵੀ ਸ਼ਹਿਰੀਕਰਨ ਹੋ ਗਿਆ ਹੈ ਜਦੋਂਕਿ ਉਸ ਸਮੇਂ ਪੇਂਡੂ ਲੋਕਾਂ ਦੀਆਂ ਮੁਢਲੀਆਂ ਲੋੜਾਂ ਵੀ ਮੁਸ਼ਕਲ ਨਾਲ ਹੀ ਪੂਰੀਆਂ ਹੁੰਦੀਆਂ ਸਨ। ਇੱਥੋਂ ਤਕ ਕਿ ਆਮ ਪਹਿਨਣ ਵਾਲੇ ਕੱਪੜੇ ਸਿਲਾਉਣ ਦੀ ਵੀ ਦਿੱਕਤ ਹੁੰਦੀ। ਹੱਥ ਵਿੱਚ ਸੂਈ ਫੜ ਕੇ ਹੀ ਪਿੰਡਾਂ ਦੀਆਂ ਸੁਆਣੀਆਂ ਮਾੜਾ-ਮੋਟਾ ਉੱਧੜਿਆ-ਪਾਟਿਆ ਕੱਪੜਾ ਠੀਕ ਕਰਦੀਆਂ ਸਨ। ਕਿਤੇ ਵਰੇ-ਛਿਮਾਹੀ ਪਿੱਛੋਂ ਹੀ ਪਿੰਡ ਦੇ ਇੱਕ ਖ਼ਾਸ ਜਾਤ ਨਾਲ ਸਬੰਧਤ ਵਿਅਕਤੀ ਜਿਸ ਨੂੰ ਕਿ ਦਰਜ਼ੀ ਸੱਦਦੇ ਸਨ, ਤੋਂ ਕੱਪੜਾ-ਲੀੜਾ ਸਿਲਾਇਆ ਜਾਂਦਾ। ਦਰਜ਼ੀ ਕੋਲ ਸਿਲਾਈ ਮਸ਼ੀਨ ਹੁੰਦੀ ਅਤੇ ਉਹ ਆਮ ਤੌਰ 'ਤੇ ਆਪਣੇ ਘਰ ਬੈਠ ਕੇ ਹੀ ਸਿਲਾਈ ਦਾ ਕੰਮ ਕਰਦਾ। ਨਾ ਉਹ ਲੋਕ ਦੁਕਾਨ ਦੇ ਨਾਂ ਦਾ ਕੋਈ ਬੋਰਡ ਲਗਾਉਂਦੇ ਅਤੇ ਨਾ ਹੀ ਦੁਕਾਨ ਦੇ ਬਾਹਰ ਕੱਪੜੇ ਟੰਗ ਕੇ ਦਿਖਾਵਾ ਕਰਦੇ। ਉਹ ਕਿਰਤੀ ਲੋਕ ਕਿਰਤ ਵਿੱਚ ਮਸਤ ਰਹਿੰਦੇ। ਇਨਾਂ ਨੂੰ ਕੁਝ ਲੋਕ 'ਨਾਮਦੇਵੀਏ' ਵੀ ਕਹਿੰਦੇ ਹਨ ਕਿਉਂਕਿ ਇਹ ਭਗਤ ਨਾਮਦੇਵ ਦੀ ਕੁੱਲ ਵਿੱਚੋਂ ਹੋਏ ਦੱਸੇ ਜਾਂਦੇ ਹਨ।

ਪਿੰਡਾਂ ਵਿੱਚ ਦਰਜ਼ੀ ਪਰਿਵਾਰਾਂ ਨਾਲ ਨੇੜਿਓਂ ਜੁੜਿਆ ਹੁੰਦਾ। ਕਈ ਛੋਟੇ ਪਿੰਡਾਂ ਵਿੱਚ ਇਹ ਜਾਤੀ ਨਹੀਂ ਸੀ ਹੁੰਦੀ। ਉਹ ਲੋਕ ਦੂਜੇ ਪਿੰਡਾਂ ਦੇ ਦਰਜ਼ੀ ਤੋਂ ਕੱਪੜੇ ਸਿਲਾਉਂਦੇ। ਜਿਹੜਾ ਦਰਜ਼ੀ ਜਿਸ ਪਰਿਵਾਰ ਨਾਲ ਜੁੜਿਆ ਹੁੰਦਾ, ਉਸ ਨੂੰ ਪਰਿਵਾਰ ਦਾ ਜੱਦੀ ਦਰਜ਼ੀ ਕਿਹਾ ਜਾਂਦਾ। ਉਹ ਸਾਦਗੀ ਵਾਲਾ ਯੁੱਗ ਸੀ। ਅੱਜ ਵਾਂਗ ਲੋਕਾਂ ਕੋਲ ਕੱਪੜਿਆਂ ਦੇ ਢੇਰ ਨਹੀਂ ਸਨ ਹੁੰਦੇ। ਉਦੋਂ ਕਿਸੇ ਵਿਆਹ ਸ਼ਾਦੀ, ਤਿਉਹਾਰ ਜਾਂ ਹੋਰ ਵੱਡੇ ਮੌਕੇ ਹੀ ਕੱਪੜੇ ਸਿਲਾਏ ਜਾਂਦੇ। ਅੱਜ ਪਿੰਡਾਂ ਵਿੱਚ ਵੀ ਦੋ-ਚਾਰ ਬੁਟੀਕ ਆਮ ਹਨ ਅਤੇ ਉਨਾਂ ਨੂੰ ਵੀ ਕੱਪੜੇ ਸਿਉਣ ਤੋਂ ਵਿਹਲ ਨਹੀਂ ਮਿਲਦੀ। ਪਿਛਲੇ ਸਮੇਂ ਦਰਜ਼ੀਆਂ ਨੂੰ ਵਿਆਹਾਂ ਵੇਲੇ ਹੀ ਬਹੁਤਾ ਕੰਮ ਹੁੰਦਾ ਸੀ। ਇਹ ਲੋਕ ਮੁੰਡੇ ਜਾਂ ਕੁੜੀ ਦੇ ਵਿਆਹ ਤੋਂ ਪੰਦਰਾਂ ਕੁ ਦਿਨ ਪਹਿਲਾਂ ਕਾਰਜ ਵਾਲੇ ਘਰ ਆਪਣੀ ਮਸ਼ੀਨ, ਕੈਂਚੀ ਤੇ ਲੋਹੇ ਦਾ ਗਜ਼ ਲੈ ਕੇ ਆ ਜਾਂਦੇ। ਫਿਰ ਉਹ ਲੋਕ ਰਬੜ ਜਿਹੀ ਦਾ 'ਇੰਚੀ ਟੇਪ' ਵੀ ਲਿਆਉਣ ਲੱਗੇ। ਲੱਕੜ ਦੇ ਪਟੜੇ ਉੱਤੇ ਮਸ਼ੀਨ ਰੱਖ ਕੇ ਇਹ ਕੰਮ ਕਰਦੇ ਰਹਿੰਦੇ ਅਤੇ ਸ਼ਾਮੀਂ ਆਪਣੇ ਘਰ ਪਰਤ ਜਾਂਦੇ। ਘਰ ਵਿੱਚ ਇਹ ਘਰ ਦੇ ਜੀਆਂ ਵਾਂਗੂੰ ਵਿਚਰਦੇ ਅਤੇ ਸੁਆਣੀਆਂ ਇਨਾਂ ਦੀ ਰੋਟੀ ਪਾਣੀ ਦੀ ਚੰਗੀ ਸੇਵਾ ਕਰਦੀਆਂ। ਇਹ ਲੋਕ ਕਈ ਪੀੜੀਆਂ ਤਕ ਇੱਕ ਪਰਿਵਾਰ ਨਾਲ ਜੁੜੇ ਰਹਿੰਦੇ।

ਇਹ ਜੱਦੀ ਦਰਜ਼ੀ ਸਬੰਧਤ ਪਰਿਵਾਰਾਂ ਨਾਲ ਗੂੜੀਆਂ ਸਕੀਰੀਆਂ ਵਾਂਗੂੰ ਵਰਤਦੇ। ਵਿਆਹ ਜਾਂ ਦੁੱਖ ਦੀ ਘੜੀ ਵਿੱਚ ਇਹ ਲੋਕ ਇੱਕ ਦੂਜੇ ਦੇ ਘਰ ਰਿਸ਼ਤੇਦਾਰਾਂ ਵਾਂਗ ਹੀ ਆਉਂਦੇ ਜਾਂਦੇ। ਉਹ ਅੱਜ ਵਾਂਗੂੰ ਲਾਲਚ ਤੇ ਸਵਾਰਥ ਪ੍ਰਧਾਨ ਜ਼ਮਾਨਾ ਨਹੀਂ ਸੀ। ਸਿੱਧੇ-ਸਾਦੇ ਲੋਕ ਸਨ ਤੇ ਥੋੜੀ ਜਿਹੀ ਕਮਾਈ ਨਾਲ ਹੀ ਗੁਜ਼ਾਰਾ ਕਰੀ ਜਾਂਦੇ ਸਨ। ਉਦੋਂ ਨਾ ਹੀ ਪੈਰਾਂ ਵਾਲੀਆਂ ਮਸ਼ੀਨਾਂ ਬਹੁਤੇ ਦਰਜ਼ੀਆਂ ਕੋਲ ਸਨ ਤੇ ਨਾ ਹੀ ਅਜੋਕੇ ਸਮੇਂ ਵਾਂਗੂੰ ਬੈਟਰੀ ਜਾਂ ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਸਨ। ਇਹ ਲੋਕ ਬੜੀ ਮਿਹਨਤ ਕਰਦੇ ਸਨ। ਕਈ ਦਰਜ਼ੀਆਂ ਦੇ ਤਾਂ ਲਗਾਤਾਰ ਬੈਠ ਕੇ ਕੰਮ ਕਰਦੇ ਰਹਿਣ ਕਾਰਨ ਲੱਕ ਵਿੱਚ ਕੁੱਬ ਪੈ ਜਾਂਦਾ ਤੇ ਨਜ਼ਰ ਕਮਜ਼ੋਰ ਹੋ ਜਾਂਦੀ। ਢਲਦੀ ਉਮਰ ਤਕ ਵੀ ਇਹ ਲੋਕ ਕੰਮ ਕਰਦੇ ਰਹਿੰਦੇ। ਸਿਲਾਈ ਦਾ ਕੰਮ ਜ਼ਿਆਦਾਤਰ ਬੰਦੇ ਹੀ ਕਰਦੇ ਤੇ ਉਹੀ ਦੂਜੇ ਪਿੰਡਾਂ ਤੋਂ ਕੱਪੜੇ ਲੈਣ ਦੇਣ ਜਾਂਦੇ। ਬਿਜਲੀ ਦੀ ਪ੍ਰੈੱਸ ਤਾਂ ਕਿਤੇ ਦੇਖੀ ਹੀ ਨਹੀਂ ਸੀ। ਉਨਾਂ ਕੋਲ ਲੋਹੇ ਦੀ ਭਾਰੀ ਜਿਹੀ ਪ੍ਰੈੱਸ ਹੁੰਦੀ। ਪਿੰਡ ਵਿੱਚ ਕਿਸੇ ਤਕੜੇ ਜਾਂ ਨੌਕਰੀਪੇਸ਼ਾ ਘਰ ਕੋਲ ਜ਼ਰੂਰ ਪ੍ਰੈੱਸ ਹੁੰਦੀ ਸੀ ਤੇ ਵਿਆਹ-ਸ਼ਾਦੀ ਵੇਲੇ ਗਲੀ ਗੁਆਂਢ ਦੇ ਲੋਕ ਉਨਾਂ ਤੋਂ ਮੰਗ ਕੇ ਹੀ ਡੰਗ ਟਪਾ ਲੈਂਦੇ ਸਨ। ਇਹ ਪ੍ਰੈੱਸ ਲੱਕੜ ਦੇ ਕੋਲੇ ਪਾ ਕੇ ਮਘਾਈ ਜਾਂਦੀ ਸੀ। ਆਮ ਦਿਨਾਂ ਵਿੱਚ ਤਾਂ ਕੋਈ ਕੱਪੜੇ ਪ੍ਰੈੱਸ ਹੀ ਨਹੀਂ ਸੀ ਕਰਦਾ। ਇਹ ਦਰਜ਼ੀ ਸ਼ੌਕੀਨ ਨਾਰਾਂ ਮੁਟਿਆਰਾਂ ਦੇ ਕੱਪੜੇ ਬੜੀ ਰੀਝ ਨਾਲ਼ ਸਿਉਂਦੇ। ਹਰੀ ਸ਼ੈਲ ਜਾਂ ਕਾਲੀ ਸੂਫ ਦੇ ਘੱਗਰੇ ਪਹਿਨ ਕੇ ਉਹ ਕਹਿ ਉੱਠਦੀਆਂ-

ਲੋਕਾਂ ਭਾਣੇ ਸੱਪ ਸ਼ੂਕਦਾ
ਮੇਰਾ ਘੱਗਰਾ ਸ਼ੂਕਦਾ ਜਾਵੇ



ਇਨਾਂ ਜੱਦੀ ਦਰਜ਼ੀਆਂ ਨੂੰ ਛਿਮਾਹੀ ਪਿੱਛੋਂ ਦਾਣਾ ਫੱਕਾ ਦਿੱਤਾ ਜਾਂਦਾ ਅਤੇ ਉਨਾਂ ਦੇ ਦੁੱਖ ਸੁੱਖ ਵਿੱਚ ਵਿੱਤੀ ਮਦਦ ਵੀ ਕੀਤੀ ਜਾਂਦੀ। ਘਰ ਵਿੱਚ ਵਿਆਹ ਜਾਂ ਹੋਰ ਖ਼ੁਸ਼ੀ ਸਮੇਂ ਉਨਾਂ ਨੂੰ ਕੱਪੜਾ-ਲੀੜਾ ਤੇ ਪੈਸਾ-ਧੇਲਾ ਵੀ ਦਿੱਤਾ ਜਾਂਦਾ। ਦਰਜ਼ੀਆਂ ਕੋਲ ਜ਼ਿਆਦਾਤਰ ਛੋਟੇ ਘਰ ਹੁੰਦੇ ਤੇ ਜ਼ਮੀਨ ਜਾਇਦਾਦ ਵੀ ਨਾ-ਮਾਤਰ ਹੁੰਦੀ ਸੀ, ਪਰ ਇਨਾਂ ਲੋਕਾਂ ਦਾ ਗੁਜ਼ਾਰਾ ਹੋਈ ਜਾਂਦਾ। ਸਮੇਂ ਨਾਲ ਪਿੰਡਾਂ ਵਿੱਚ ਵੀ ਸਿਲਾਈ ਮਸ਼ੀਨਾਂ ਪੁੱਜਣ ਲੱਗੀਆਂ। ਇਹ ਮਸ਼ੀਨਾਂ ਦਾਜ ਵਿੱਚ ਦਿੱਤੀਆਂ ਜਾਣ ਲੱਗੀਆਂ। ਉਨਾਂ ਸਮਿਆਂ ਵਿੱਚ 'ਊਸ਼ਾ' ਤੇ 'ਸਿੰਗਰ' ਸਿਲਾਈ ਮਸ਼ੀਨਾਂ 'ਮਰਫ਼ੀ' ਰੇਡੀਓ ਵਾਂਗੂੰ ਮਸ਼ਹੂਰ ਹੋਈਆਂ। ਫਿਰ ਸਰਕਾਰ ਵੱਲੋਂ ਪਿੰਡਾਂ ਵਿੱਚ ਸਿਲਾਈ ਸੈਂਟਰ ਖੋਲੇ ਗਏ। ਸਿਲਾਈ ਅਧਿਆਪਕਾ ਪਿੰਡ ਦੀਆਂ ਨੂੰਹਾਂ-ਧੀਆਂ ਨੂੰ ਕਿਸੇ ਸਾਂਝੀ ਥਾਂ ਭਾਵ ਗੁਰਦੁਆਰੇ ਜਾਂ ਧਰਮਸ਼ਾਲਾ ਵਿੱਚ ਸਿਲਾਈ ਦਾ ਕੰਮ ਸਿਖਾਉਂਦੀ। ਇਸ ਨਾਲ ਕੁੜੀਆਂ ਕੱਤਰੀਆਂ ਆਮ ਪਹਿਨਣ ਵਾਲੇ ਕੱਪੜੇ ਆਪ ਸਿਉਣ ਲੱਗੀਆਂ ਤੇ ਪੇਂਡੂ ਦਰਜ਼ੀਆਂ ਦਾ ਕੰਮ ਘਟਣ ਲੱਗਿਆ। ਲੋਕ ਨਾਲ ਦੇ ਸ਼ਹਿਰਾਂ ਜਾਂ ਕਸਬਿਆਂ ਦੇ ਦਰਜ਼ੀਆਂ ਤੋਂ ਵੀ ਕੱਪੜੇ ਸਿਲਾਉਣ ਲੱਗੇ ਕਿਉਂਕਿ ਸਾਦੇ ਕੁੜਤੇ-ਪਜਾਮੇ ਤੋਂ ਬਾਅਦ ਪੈਂਟ-ਬੁਸ਼ਰਟ ਤੇ ਫਿਰ ਕੋਟ-ਪੈਂਟ ਵੀ ਪਹਿਰਾਵੇ ਵਿੱਚ ਸ਼ਾਮਲ ਹੋ ਗਏ ਸਨ। ਇਹ ਲੋਕ ਸਮਾਂ ਪਾ ਕੇ ਸ਼ਹਿਰ ਵਿੱਚ ਜਾ ਵੱਸੇ ਤੇ ਚੰਗੇ ਕਾਰੋਬਾਰ ਕਰ ਲਏ। ਥੱਲੇ ਬੈਠ ਕੇ ਤੇ ਪਟੜੇ 'ਤੇ ਰੱਖ ਕੇ ਮਸ਼ੀਨ ਚਲਾਉਣ ਵਾਲੇ ਦਰਜ਼ੀਆਂ ਨੇ ਤਕੜੇ ਸ਼ੋਅ-ਰੂਮ ਬਣਾ ਲਏ ਤੇ ਅੱਗੋਂ ਕਈ-ਕਈ ਕਾਮੇ ਰੱਖ ਲਏ। ਕਈਆਂ ਨੇ ਮਿਹਨਤ ਮੁਸ਼ੱਕਤ ਕਰਕੇ ਜ਼ਮੀਨਾਂ ਵੀ ਖ਼ਰੀਦ ਲਈਆਂ ਤੇ ਹੋਰ ਵੱਡੇ ਕਾਰੋਬਾਰ ਵੀ ਕਰ ਲਏ ਹਨ। ਇਨਾਂ ਮਿਹਨਤੀ ਲੋਕਾਂ ਦੀਆਂ ਅਗਲੀਆਂ ਪੀੜੀਆਂ ਡਾਕਟਰ, ਇੰਜਨੀਅਰ, ਪ੍ਰੋਫੈਸਰ ਤੋਂ ਲੈ ਕੇ ਜੱਜ ਵਰਗੇ ਅਹੁਦਿਆਂ 'ਤੇ ਵੀ ਬਿਰਾਜਮਾਨ ਹਨ। ਅੱਜ ਇਹ ਲੋਕ ਨਿਰਾਪੁਰਾ ਜੱਦੀ ਪੁਸ਼ਤੈਨੀ ਕਿੱਤੇ 'ਤੇ ਹੀ ਨਿਰਭਰ ਨਹੀਂ ਕਰਦੇ ਬਲਕਿ ਹਰ ਖੇਤਰ ਵਿੱਚ ਵਿਚਰਦੇ ਹਨ। ਅਜੋਕੇ ਸਮੇਂ ਦਰਜ਼ੀ ਦੇ ਕਿੱਤੇ ਨੂੰ ਬਾਕੀ ਜਾਤੀਆਂ ਦੇ ਲੋਕਾਂ ਨੇ ਵੀ ਆਪਣਾ ਲਿਆ ਹੈ। ਸ਼ਹਿਰਾਂ ਵਿੱਚ ਤਾਂ ਦਰਜ਼ੀਆਂ ਦੀ ਕੋਈ ਗਿਣਤੀ ਹੀ ਨਹੀਂ ਹੈ। ਕਹਿੰਦੇ-ਕਹਾਉਂਦੇ ਜ਼ਿਮੀਂਦਾਰਾਂ ਦੀਆਂ ਨੂੰਹਾਂ-ਧੀਆਂ ਵੀ ਬੁਟੀਕ ਚਲਾਉਂਦੀਆਂ ਹਨ। ਅੱਜ ਕੋਈ ਦਰਜ਼ੀ ਕਿਸੇ ਵਿਆਹ ਵਾਲੇ ਘਰ ਬੈਠ ਕੇ ਦਾਜ ਜਾਂ ਵਰੀ ਦੇ ਕੱਪੜੇ ਨਹੀਂ ਸਿਉਂਦਾ। ਕੋਈ ਝੱਗੇ 'ਚੋਂ ਟਾਕੀ ਰੱਖ ਕੇ ਰੁਮਾਲ ਨਹੀਂ ਬਣਾਉਂਦਾ ਤੇ ਨਾ ਕੋਈ ਮੁਟਿਆਰ ਕਹਿੰਦੀ ਹੈ-

ਟੁੱਟ ਪੈਣੇ ਦਰਜ਼ੀ ਨੇ
ਮੇਰੀ ਰੱਖ ਲਈ ਝੱਗੇ 'ਚੋਂ ਟਾਕੀ

- ਪਰਮਜੀਤ ਕੌਰ ਸਰਹਿੰਦ

## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ

006

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਊਠਣੀ, ਬੋਤੀ, ਡਾਚੀ ਆਦਿ ਸ਼ਬਦ ਊਠ ਜਾਂ ਬੋਤੇ ਦੇ ਇਸਤਰੀ ਲਿੰਗ ਲਈ ਵਰਤੇ ਜਾਂਦੇ ਹਨ।
02. 'ਟਾਂਗੇ' ਦਾ ਹੋਰ ਨਾਮ 'ਯੱਕਾ' ਵੀ ਹੈ।
03. 'ਮੰਗੂ' ਮੱਝਾਂ, ਗਾਂਵਾਂ ਦੇ ਵੱਗ ਨੂੰ ਕਹਿੰਦੇ ਹਨ।
04. ਦੇਸੀ ਸਾਲ 'ਚੇਤ' ਮਹੀਨੇ ਤੋਂ ਸ਼ੁਰੂ ਹੁੰਦਾ ਹੈ।
05. ਮੱਸਿਆ ਦੀ ਰਾਤ ਨੂੰ 'ਉਮਾਹ' ਕਹਿੰਦੇ ਹਨ।
06. ਮਹੀਨੇ ਦੀ ਗਿਆਰਵੀਂ ਤਰੀਕ ਨੂੰ ਇਕਾਦਸ਼ੀ ਕਹਿੰਦੇ ਹਨ।



'ਠੋਕਰ'

07. ਬਲਦਾਂ ਦੀ ਦੌੜ ਸਮੇਂ ਜਿਸ ਅੱਗੇ ਬੋਲਦ ਜੋੜੇ ਜਾਂਦੇ ਹਨ, ਉਸ ਨੂੰ 'ਠੋਕਰ' ਕਹਿੰਦੇ ਹਨ?
08. ਦੇਸੀ ਮਹੀਨਿਆਂ ਦੇ ਤਰਤੀਬਵਾਰ ਨਾਮ ਹਨ: ਚੇਤ, ਵਿਸ਼ਾਖ, ਜੇਠ, ਹਾੜ, ਸਾਵਣ, ਭਾਦਰੋ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ।
09. ਦੇਸੀ ਮਹੀਨੇ ਵਿੱਚ ਅਖੀਰਲਾ ਤਿਉਹਾਰ 'ਲੋਹੜੀ' ਹੈ ਜੋ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਈ ਜਾਂਦੀ ਹੈ।
10. ਸ਼ਾਮ ਦੇ ਟਾਈਮ ਦੇ ਹੋਰ ਨਾਮ ਹਨ ਆਥਨ ਵੇਲਾ, ਲੌਢਾ ਵੇਲਾ, ਘੁਸਮੁਸਾ, ਤਰਕਾਲਾ ਵੇਲਾ, ਖੋਅ-ਪੀਆ, ਰਹੋਰਾਸ ਵੇਲਾ, ਸੰਧਿਆ ਵੇਲਾ, ਆਥਣ ਵੇਲਾ, ਪਿਛਲਾ ਪਹਿਰ, ਦਿਨ ਢਲੇ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ

E-mail: mehakwattandi@rediffmail.com, Help Line: (+91)-9988-92-9988


ਟੂਰਨਾਮੈਂਟ ਅਤੇ ਮੇਲਿਆਂ
ਲਈ ਵਿਸ਼ੇਸ਼
ਟੂਰਨਾਮੈਂਟ ਅਤੇ ਮੇਲਿਆਂ ਦੇ ਇਲਾਕੇ ਭਰ ਵਿਚ
ਫਲੈਕਸ ਬੋਰਡ ਲਗਾਉਣ ਲਈ
ਰੰਗਦਾਰ ਪੋਸਟਰ
ਸਟਿੱਕਰ
ਕੈਲੰਡਰ
ਛਪਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
ਅਸੀਂ ਤੁਹਾਨੂੰ ਦੇਵਾਂਗੇ
ਸਸਤੇ ਰੇਟਾਂ ਵਿਚ ਵਧੀਆ ਸਰਵਿਸ।
ਸੰਪਰਕ
ਪੰਜਾਬ ਆਰਟ
98887-76835

Scanned with CamScanner




# ਸੌ ਬਿਮਾਰੀ ਦਾ ਇਲਾਜ ਕਰਨ ਵਾਲਾ ਗੁੜ ਬਣਿਆ ਬਿਮਾਰੀ ਦੀ ਜੜ੍ਹ

ਸਾਡੇ ਬਜ਼ੁਰਗਾਂ ਦੀ ਇਕ ਪੁਰਾਤਨ ਕਹਾਵਤ ਹੈ ਕਿ 'ਤੱਤਾ ਗੁੜ ਖਾਈਏ ਵੈਦ ਕੋਲ ਨਾਂ ਜਾਈਏ' ਗੁੜ ਇਕ ਐਸੀ ਵਸਤੂ ਮੰਨੀ ਜਾਂਦੀ ਹੈ ਜੋ ਕਿਸੇ ਸਮੇਂ ਖੁਸ਼ੀ ਦੇ ਟਾਇਮ ਸੱਜਣਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਖੁਵਾਇਆ ਜਾਂਦਾ ਸੀ। ਬੱਚੇ ਦੇ ਜਨਮ ਸਮੇਂ ਵਿਆਹ ਸ਼ਾਦੀਆਂ ਦੇ ਮੌਕੇ ਇਹ ਗੁੜ ਵੰਡਣਾ ਇਕ ਖਾਸ ਵਿਹਾਰ ਹੈ। ਇਹ ਗੁੜ ਬਹੁਤ ਕੀਮਤੀ ਚੀਜ਼ ਸਮਝਿਆ ਜਾਂਦਾ ਹੈ। ਸਿਆਣਿਆਂ ਦੇ ਕਥਨ ਮੁਤਾਬਿਕ ਕਾਫੀ ਦਵਾਈਆਂ ਵਿਚ ਵੀ ਇਸਤੇਮਾਲ ਕੀਤਾ ਜਾਂਦਾ ਹੈ ਜੋ ਸੈਂਕੜੇ ਬਿਮਾਰੀਆਂ ਦਾ ਇਲਾਜ ਕਰਦਾ ਹੈ। ਐਪਰ ਹੁਣ ਇਹ ਵਿਚਾਰਾ ਗੁੜ ਵੀ ਬਿਮਾਰੀ ਦੀ ਜੜ੍ਹ ਬਣ ਰਿਹਾ ਹੈ। ਜਿਸ ਦੀ ਤਾਜ਼ਾ ਮਿਸਾਲ ਮੈਂ ਸੂਝਵਾਨ ਪਾਠਕਾਂ ਦੇ ਰੂ-ਬ-ਰੂ ਕਰਨ ਦਾ ਯਤਨ ਕਰ ਰਿਹਾ ਹਾਂ। ਮਾਲਵੇ ਦਾ ਸਾਹਿਤਕਾਰ ਹੈ ਸਾਧੂ ਰਾਮ ਲੰਗੇਆਣਾ। ਇਕ ਦਿਨ ਮੈਂ ਉਸ ਨੂੰ ਮਿਲਣ ਵਾਸਤੇ ਗਿਆ ਤਾਂ ਉਸ ਨੇ ਇਹ ਗੁੜ ਤਿਆਰ ਕਰਨ ਵਾਲਿਆਂ ਦੀ ਕਰਤੂਤ ਦਿਖਾਉਂਦਿਆਂ ਹੋਇਆਂ ਇਕ ਫੋਟੋ ਮੇਰੇ ਹੱਥ ਫੜਾਈ ਜੋ ਗੁੜ ਦੇ ਵਿਚੋਂ ਨਿਕਲੀ ਤੰਬਾਕੂ ਦੀ ਬੀੜੀ ਦੀ ਸੀ। ਉਸ ਨੇ ਦੱਸਿਆ ਕਿ ਇਕ ਦਿਨ ਇਹ ਬੀੜੀ ਮੁੱਲ ਖਰੀਦ ਕੇ ਲਿਆਂਦੇ ਗੁੜ ਵਿਚੋਂ ਨਿਕਲੀ ਹੈ। ਹੁਣ ਸਾਫ਼-ਸਾਫ਼ ਪਤਾ ਲੱਗ ਰਿਹਾ ਹੈ ਕਿ ਸਾਡੇ ਸਿਹਤ ਵਿਭਾਗ ਦਾ ਕਿੰਨਾ ਕੁ ਧਿਆਨ ਹੈ। ਜਿਹੜਾ ਗੁੜ ਆਮ ਹੀ ਧਾਰਮਿਕ ਕਾਰਜਾਂ ਲਈ ਲੰਗਰ ਜਾਂ ਪ੍ਰਸਾਦਿ ਵਿਚ ਵਰਤਿਆ ਜਾਂਦਾ ਹੈ ਕਿ ਇਹ ਪਵਿੱਤਰ ਹੈ। ਕਿਸੇ ਤੰਬਾਕੂ ਵਰਤਨ ਵਾਲੇ ਨੂੰ ਸਾਡੇ ਧਾਰਮਿਕ ਖਿਆਲਾਂ ਵਾਲੇ ਲੋਕ ਲੰਗਰ ਜਾਂ ਪ੍ਰਸਾਦਿ ਦੇ ਨੇੜੇ ਨਹੀਂ ਆਉਣ ਦਿੰਦੇ



ਪਰ ਹੁਣ ਏਥੇ ਕੀਹਨੂੰ ਕਹੀਏ ਜਦੋਂ ਤੰਬਾਕੂ ਹੀ ਖਾਣ ਵਾਲੀਆਂ ਵਸਤੂਆਂ ਵਿਚ ਆਉਣ ਲੱਗ ਪਿਆ। ਮੇਰੇ ਕਹਿਣ ਦਾ ਮਤਲਬ ਇਹ ਨਹੀਂ ਕਿ ਅਸੀਂ ਇਹ ਚੀਜ਼ਾਂ ਖਾਣੀਆਂ ਬੰਦ ਕਰ ਦੇਵਾਂਗੇ। ਮੇਰਾ ਮਤਲਬ ਸਿਰਫ਼ ਐਨਾ ਹੈ ਕਿ ਖੋਰੇ ਫੈਕਟਰੀਆਂ ਵਾਲੇ ਜਾਂ ਸਿਹਤ ਵਿਭਾਗ ਵਾਲੇ ਕੁਝ ਧਿਆਨ ਨਾਲ ਖਾਣ-ਪੀਣ ਦੀਆਂ ਚੀਜ਼ਾਂ ਤਿਆਰ ਕਰਵਾਉਣ ਲੱਗ ਜਾਣ।

ਸਾਧੂ ਸਿੰਘ ਧੰਮੂ

# ਮੋਟਾਪਾ ਘਟਾਓ



ਜੇਕਰ ਤੁਸੀਂ ਮੋਟਾਪੇ ਨੂੰ ਘਟਾਉਣਾ ਚਾਹੁੰਦੇ ਹੋ ਤਾਂ ਡਾਇਟਿੰਗ ਤਾਂ ਡਾਇਟਿੰਗ ਜਾਂ ਸਖਤ ਕਸਰਤ ਕਰਨ ਦੀ ਲੋੜ ਨਹੀਂ ਹੈ, ਸਗੋਂ ਮਾਸ ਖਾਣਾ ਛੱਡ ਦਿਓ ਅਤੇ ਸ਼ਾਕਾਹਾਰ ਖਾਣਾ ਹੀ ਖਾਓ। ਮਿੱਠਾ ਅਤੇ ਚਰਬੀ ਵੀ ਮੋਟਾਪਾ ਵਧਾਉਂਦੇ ਹਨ। ਇਸੇ ਕਾਰਨ ਸਾਕਾਹਾਰੀ ਪਤਲੇ ਹੁੰਦੇ ਹਨ। ਫਲ, ਸਬਜ਼ੀਆਂ, ਦਾਲਾਂ, ਅਨਾਜ, ਜੂਸ ਸਰੀਰ ਨੂੰ ਪੋਸ਼ਣ ਦੇ ਕੇ ਮੋਟਾ ਨਹੀਂ ਹੋਣ ਦਿੰਦੇ। ਜੇਕਰ ਮਾਸ ਖਾਣ ਵਾਲੇ ਮਾਸ ਛੱਡ ਕੇ ਸ਼ਾਕਾਹਾਰ ਅਪਣਾ ਲੈਣ ਤਾਂ ਮੋਟਾਪੇ ਨੂੰ ਘੱਟ ਕਰ ਸਕਦੇ ਹਨ। ਸ਼ਾਕਾਹਾਰੀਆਂ ਨੂੰ ਮਾਸਾਹਾਰੀਆਂ ਦੇ ਮੁਕਾਬਲੇ ਬਿਮਾਰੀਆਂ ਵੀ ਘੱਟ ਹੁੰਦੀਆਂ ਹਨ।



# ਸੋਇਆਬੀਨ ਮਿਸਲ

**ਸਮੱਗਰੀ** - 1/2 ਕੱਪ ਸੋਇਆਬੀਨ ਦੇ ਦਾਣੇ, 2 ਵੱਡੇ ਚਮਚੇ ਅੰਕੁਰਿਤ ਦਾਲ, 1 ਚਮਚਾ ਬਰੀਕ ਅਦਰਕ, 2 ਬਰੀਕ ਕੱਟੀ ਹੋਈ ਹਰੀ ਮਿਰਚ, 3 ਕਲੀਆਂ ਲਸਣ ਦੀਆਂ ਪਿਸੀਆਂ ਹੋਈਆਂ, 1/4 ਛੋਟਾ ਚਮਚ ਹਲਦੀ ਪਾਊਡਰ, 1/2 ਛੋਟਾ ਚਮਚਾ ਗਰਮ ਮਸਾਲਾ, 1 ਛੋਟਾ ਚਮਚਾ ਰਾਈ, ਨਮਕ ਸਵਾਦ ਅਨੁਸਾਰ, 1 ਟਮਾਟਰ, 2 ਵੱਡੇ ਚਮਚੇ ਪਿਆਜ਼ ਬਰੀਕ ਕੱਟੇ ਹੋਏ, 1 ਛੋਟਾ ਚਮਚ ਨਿੰਬੂ ਦਾ ਰਸ, 1 ਛੋਟਾ ਚਮਚਾ ਰਿਫਾਇੰਡ ਤੇਲ।

**ਵਿਧੀ** - ਸੋਇਆਬੀਨ ਨੂੰ ਰਾਤ ਨੂੰ ਪਾਣੀ 'ਚ ਭਿਓਂ ਦਿਓ ਤੇ ਸਵੇਰੇ ਕੂਕਰ 'ਚ ਇਕ ਸੀਟਾ ਆਉਣ ਤਕ ਪਕਾਓ। ਸੋਇਆਬੀਨ ਦਾ ਪਾਣੀ ਕੱਢ ਕੇ ਉਸ ਦੇ ਛਿਲਕੇ ਉਤਾਰ ਦਿਓ। ਇਕ ਕੜਾਹੀ 'ਚ ਤੇਲ ਗਰਮ ਕਰੋ ਅਤੇ ਇਸ ਵਿਚ ਰਾਈ ਪਾ ਕੇ ਤੜਕ ਦਿਓ। ਇਸ ਵਿਚ ਅਦਰਕ, ਹਰੀ ਮਿਰਚ, ਪਿਸਿਆ ਹੋਇਆ ਲਸਣ ਪਾ ਦਿਓ ਅਤੇ 1 ਮਿੰਟ ਤੱਕ ਭੁੰਨੋ, ਹਲਦੀ ਪਾਊਡਰ ਅਤੇ ਅੰਕੁਰਿਤਕੀਤੀ ਹੋਈ ਦਾਲ ਅਤੇ 2 ਵੱਡੇ ਚਮਚੇ ਪਾਣੀ ਪਾ ਕੇ ਦਾਲ ਨੂੰ ਆਂਚ 'ਤੇ ਗਲਾਓ। ਜਦੋਂ ਇਸ ਦਾ ਪਾਣੀ ਸੁੱਕਣਾ ਸ਼ੁਰੂ ਹੋ ਜਾਵੇ ਤਾਂ ਇਸ ਵਿਚ ਸੋਇਆਬੀਨ ਪਾ ਦਿਓ। ਇਸ ਤੋਂ ਬਾਅਦ ਅੱਗ ਬੰਦ ਕਰ ਦਿਓ। ਇਸ ਵਿਚ ਟਮਾਟਰ, ਪਿਆਜ਼ ਅਤੇ ਨਿੰਬੂ ਦਾ ਰਸ ਪਾ ਦਿਓ। ਇਸ ਨੂੰ ਸਰਵਿਸ ਪਲੇਟ 'ਚ ਪਾ ਦਿਓ ਅਤੇ ਇਸ ਉਤੇ ਹਰਾ ਧਨੀਆ ਅਤੇ ਚਟਨੀ ਪਾ ਕੇ ਇਸ ਨੂੰ ਸਰਵ ਕਰੋ।

# ਪਾਪੜੀ ਚਾਟ

**ਸਮੱਗਰੀ** - 1/2 ਕੱਪ ਆਟਾ, 1/4 ਛੋਟਾ ਚਮਚਾ ਬੇਕਿੰਗ ਪਾਊਡਰ, 3 ਵੱਡੇ ਚਮਚੇ ਦਹੀਂ, 1/2 ਛੋਟਾ ਚਮਚ ਪੀਸੀ ਹੋਈ ਕਾਲੀ ਮਿਰਚ, ਨਮਕ ਸਵਾਦ ਅਨੁਸਾਰ, 1 ਛੋਟਾ ਚਮਚਾ ਰਿਫਾਇੰਡ ਤੇਲ, 1 ਆਲੂ ਉਬਲਿਆ ਅਤੇ ਕਿਊਬ 'ਚ ਕੱਟਿਆ ਹੋਇਆ, 1 ਟਮਾਟਰ, 1 ਪਿਆਜ਼ ਬਰੀਕ ਕੱਟਿਆ ਹੋਇਆ, 2 ਵੱਡੇ ਚਮਚੇ ਅੰਕੁਰਿਤ ਮੂੰਗ, 2 ਵੱਡੇ ਚਮਚੇ ਅਨਾਰ ਦੇ ਦਾਣੇ, 1/2 ਪਿਆਲਾ ਦਹੀਂ, 3 ਵੱਡੇ ਚਮਚੇ ਸੋਂਠ, 1 ਵੱਡਾ ਚਮਚਾ ਹਰੀ ਚਟਨੀ, ਨਮਕ, ਮਿਰਚ ਸਵਾਦ ਅਨੁਸਾਰ।

**ਵਿਧੀ** - ਆਟੇ 'ਚ ਬੇਕਿੰਗ ਪਾਊਡਰ, ਦਹੀਂ, ਨਮਕ, ਕਾਲੀ ਮਿਰਚ ਪਾ ਕੇ ਅਤੇ ਸਖ਼ਤ ਆਟਾ ਗੁੰਨੋ। 10 ਛੋਟੇ-ਛੋਟੇ ਹਿੱਸਿਆਂ 'ਚ ਵੰਡ ਲਵੋ ਅਤੇ ਛੋਟੇ-ਛੋਟੇ ਪਾਪੜੀ ਬੇਲ ਕਰ ਕੇ ਉਸ 'ਚ ਕਾਂਟੇ ਦੀ ਮਦਦ ਨਾਲ ਛੇਕ ਕਰ ਦਿਉ। ਫਿਰ ਬੁਰਸ਼ ਦੀ ਸਹਾਇਤਾ ਨਾਲ ਇਨ੍ਹਾਂ ਦੇ ਦੋਨੋਂ ਪਾਸਿਆਂ 'ਤੇ ਰਿਫਾਇੰਡ ਤੇਲ ਲਗਾ ਦਿਉ ਅਤੇ 200 ਡਿਗਰੀ ਦੇ ਤਾਪਮਾਨ 'ਤੇ ਗਰਮ ਕਰੋ ਅਤੇ ਉਸ ਨੂੰ 8-10 ਮਿੰਟਤੱਕ ਰੱਖੋ। ਪਲੇਟ 'ਚ ਪਾਪੜੀ ਰੱਖੋ। ਇਸ ਵਿਚ ਆਲੂ, ਟਮਾਟਰ, ਪਿਆਜ਼, ਅੰਕੁਰਿਤ ਕੀਤੀ ਹੋਈ ਦਾਲ, ਦਹੀਂ, ਸੋਂਠ,



ਚਟਨੀ ਅਤੇ ਨਮਕ, ਮਿਰਚ ਪਾਓ। ਇਸ ਦੇ ਉਪਰ ਅਨਾਰ ਦੇ ਦਾਣੇ ਪਾ ਕੇ ਸਰਵ ਕਰੋ।

# ਗਾਜਰਾਂ ਰੱਖਣ ਰੌਸ਼ਨ ਅੱਖਾਂ



40 ਸਾਲ ਦੀ ਉਮਰ ਪਿੱਛੋਂ ਬਹੁਤ ਸਾਰੇ ਲੋਕਾਂ ਦੀਆਂ ਅੱਖਾਂ ਦੀ ਰੋਸ਼ਨੀ ਧੁੰਦਲੀ ਪੈਣ ਲਗਦੀ ਹੈ। ਅੱਖਾਂ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲੇ ਕੁਝ ਰਸਾਇਣ 40 ਸਾਲ ਤੋਂ ਬਾਅਦ ਹੌਲੀ-ਹੌਲੀ ਘਟਣ ਲਗਦੇ ਹਨ। ਇਹ ਹੱਲ ਕਿਸੇ ਦਵਾਈ ਨਾਲ ਸੰਭਵ ਨਹੀਂ ਹੈ।

ਗਾਜਰ ਇਹ ਕੰਮ ਅਸਾਨੀ ਨਾਲ ਕਰ ਸਕਦੀ ਹੈ, ਕਿਉਂਕਿ ਗਾਜਰ ਵਿਚ ਬੀਟਾ ਕੈਰੋਟਿਨ ਨਾਂਅ ਦਾ ਅੰਜਾਇਮ ਹੁੰਦਾ ਹੈ। ਇਸ ਤੋਂ ਇਲਾਵਾ ਐਂਟੀ ਐਕਸੀਡੇਂਟ, ਵਿਟਾਮਿਨ 'ਸੀ', 'ਈ' ਅਤੇ ਜ਼ਿੰਕ ਗਾਜਰ ਖਾਣ ਨਾਲ ਤੁਸੀਂ ਲੰਮੇ ਸਮੇਂ ਤੱਕ ਅੱਖਾਂ ਦੀਆਂ ਬੀਮਾਰੀਆਂ ਤੋਂ ਬਚੇ ਰਹੋਗੇ। ਇਸ ਤੋਂ ਇਲਾਵਾ ਗਾਜਰ ਸੰਪੂਰਨ ਸਰੀਰ ਲਈ ਵੀ ਲਾਭਕਾਰੀ ਹੈ।

# ਘਰ ਦੀ ਰਸੋਈ

ਪੇਸ਼ਕਸ਼:
ਭਾਗਵੰਤੀ ਪੁਰਬਾ



## ਔਲੇ ਦਾ ਮੁਰੱਬਾ

**ਸਮੱਗਰੀ :**


250 ਗ੍ਰਾਮ ਔਲਾ, 250 ਗ੍ਰਾਮ ਚੀਨੀ, ਚੁਟਕੀ ਜਿੰਨੀ ਫਟਕੜੀ ਪਿਸੀ ਹੋਈ, ਅੱਠ-ਦਸ ਧਾਗੇ ਕੇਸਰ।

**ਵਿਧੀ :**

ਔਲੇ ਧੋ ਕੇ ਸਲਾਈ ਜਾਂ ਚਾਕੂ ਨਾਲ ਚਾਰੋਂ ਪਾਸਿਓਂ ਗੁੱਦਾ ਕੱਢ ਲਓ। ਫਟਕੜੀ ਨੂੰ ਪਾਣੀ 'ਚ ਘੋਲ ਲਓ। ਇਸ 'ਚ ਔਲੇ 30-40 ਮਿੰਟ ਲਈ ਪਾ ਕੇ ਰੱਖੋ। ਫਟਕੜੀ ਦੇ ਪਾਣੀ 'ਚੋਂ ਔਲੇ ਕੱਢ ਕੇ ਸਾਦੇ ਪਾਣੀ ਵਿਚ ਪਾ ਕੇ ਸਟੀਮ ਕਰ ਲਓ। ਚੀਨੀ ਦੀ ਦੋ ਤਾਰ ਦੀ ਚਾਸ਼ਨੀ ਬਣਾ ਲਓ। ਔਲਾ ਤੇ ਕੇਸਰ ਪਾ ਕੇ ਪਕਾਓ। ਜਦ ਚਾਸ਼ਣੀ ਗਾੜ੍ਹੀ ਹੋ ਜਾਏ ਤਾਂ ਹੇਠਾਂ ਉਤਾਰ ਲਓ। ਠੰਢਾ ਕਰਕੇ ਜਾਰ 'ਚ ਰੱਖੋ। ਥਕਾਵਟ ਦੂਰ ਕਰਨ ਵਾਲਾ ਤੇ ਦਿਮਾਗ ਨੂੰ ਤੇਜ਼ ਕਰਨ ਵਾਲਾ ਮੁਰੱਬਾ ਤਿਆਰ ਹੈ।








## ਗਾਜਰ ਦਾ ਮੁਰੱਬਾ

**ਸਮੱਗਰੀ :**

500 ਗ੍ਰਾਮ ਗਾਜਰ, 400 ਗ੍ਰਾਮ ਚੀਨੀ, 1/2 ਛੋਟਾ ਚਮਚ ਇਲਾਇਚੀ ਦੇ ਦਾਣੇ, 8-10 ਧਾਗੇ ਕੇਸਰ, 1 ਨਿੰਬੂ ਦਾ ਰਸ।



**ਵਿਧੀ :**

ਲਾਲ ਗਾਜਰਾਂ ਨੂੰ ਛਿਲ ਕੇ ਧੋ ਲਓ। ਇਨਾਂ ਦੇ 2-3 ਲੰਬੇ ਗੋਲ ਟੁਕੜੇ ਕੱਟ ਲਓ। ਇਕ ਪਤੀਲੇ 'ਚ ਪਾਣੀ ਗਰਮ ਕਰੋ। ਇਸ 'ਚ ਗਾਜਰ ਦੇ ਟੁਕੜੇ ਪਾ ਕੇ 1 ਮਿੰਟ ਲਈ ਢੱਕ ਦਿਓ। ਛਾਣਨੀ ਨਾਲ ਛਾਣ ਕੇ ਪਾਣੀ ਅਲੱਗ ਕਰੋ। ਚੀਨੀ ਦੀ 1 ਤਾਰ ਦੀ ਚਾਸ਼ਣੀ ਤਿਆਰ ਕਰ ਲਓ। ਗਾਜਰ ਚਾਸ਼ਣੀ 'ਚ ਪਾ ਕੇ, ਦੋ ਮਿੰਟ ਪਕਾ ਲਓ। ਜਦ ਚਾਸ਼ਣੀ 2 ਤਾਰ ਦੀ ਹੋ ਜਾਵੇ ਤੇ ਗਾਜਰ ਪੱਕ ਜਾਵੇ ਤਾਂ ਹੇਠ ਦਾਣੇ ਉਤਾਰ ਲਓ। ਕੇਸਰ ਤੇ ਇਲਾਇਚੀ ਦੇ ਦਾਣੇ, ਨਿੰਬੂ ਦਾ ਰਸ ਮਿਲਾ ਦਿਉ। ਪੌਸ਼ਟਿਕ ਤੇ ਲਜੀਜ਼ ਮੁਰੱਬਾ ਤਿਆਰ ਹੈ।

Scanned with CamScanner

# ਸ਼ਿਬਲੀ ਅਤੇ ਮਿੱਤਰ

- ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com





ਹਕੂਮਤ ਦੇ ਨਸ਼ੇ ਵਿਚ ਅੰਨੇ ਹੋਏ ਇਕ ਰਾਜੇ ਨੇ ਸ਼ਿਬਲੀ ਨੂੰ ਪੱਥਰ ਮਾਰਨ ਦਾ ਫੁਰਮਾਨ ਜਾਰੀ ਕੀਤਾ। ਸ਼ਿਬਲੀ ਨੂੰ ਚੌਰਾਹੇ ਵਿਚ ਖੜ੍ਹਾ ਕੀਤਾ ਤੇ ਰਾਜੇ ਦੇ ਹੁਕਮ ਅਨੁਸਾਰ ਹਰ ਕੋਈ ਲੰਘਣ ਵਾਲਾ ਸ਼ਿਬਲੀ ਦੇ ਪੱਥਰ ਮਾਰਨ ਲੱਗਾ। ਪਰ ਉਹ ਪੱਥਰਾਂ ਦੀ ਪੀੜ ਨੂੰ ਕਸੀਸ ਵੱਟ ਕੇ ਅਹਿਲ ਖੜ੍ਹਾ ਰਿਹਾ। ਇਕ ਦਿਨ ਲੋਕਾਂ ਦੀ ਭੀੜ 'ਚ ਸ਼ਿਬਲੀ ਦਾ ਦੋਸਤ ਵੀ ਖੜ੍ਹਾ ਸੀ। ਉਸਨੇ ਸੋਚਿਆ ਕਿ ਜੇ ਉਸ ਨੇ ਪੱਥਰ ਮਾਰਿਆ ਤਾਂ ਸ਼ਿਬਲੀ ਨੂੰ ਪੀੜ ਹੋਵੇਗੀ। ਉਸਨੂੰ ਫੁੱਲ ਮਾਰਨਾ ਠੀਕ ਲੱਗਾ। ਇਕ ਪਾਸੇ ਰਾਜੇ ਦਾ ਸ਼ਿਬਲੀ ਨੂੰ ਪੱਥਰ ਮਾਰਨ ਦਾ ਹੁਕਮ ਤੇ ਦੂਸਰੇ ਪਾਸੇ ਉਸ ਦਾ ਮਿੱਤਰ ਸੀ। ਭੀੜ 'ਚ ਆ ਰਹੇ ਦੋਹਾਂ ਦੋਸਤਾਂ ਦੀਆਂ ਅੱਖਾਂ ਮਿਲੀਆਂ। ਜਦ ਸ਼ਿਬਲੀ ਨੂੰ ਉਸ ਦੇ ਦੋਸਤ ਨੇ ਫੁੱਲ ਮਾਰਿਆ ਤਾਂ ਸ਼ਿਬਲੀ ਫੁੱਟ-ਫੁੱਟ ਕੇ ਰੋ ਪਿਆ। ਦੋਸਤ ਅੱਗੋਂ ਹੈਰਾਨ ਹੋਇਆ ਕਿ ਮੇਰੇ ਮਿੱਤਰ ਦੇ ਲੋਕਾਂ ਨੇ ਪੱਥਰ ਮਾਰੇ। ਪਰ ਉਹ ਪੱਥਰਾਂ ਦੀ ਪੀੜ ਜਰਦਾ ਰਿਹਾ। ਪਰ ਉਸਦੇ ਫੁੱਲ ਮਾਰਨ ਤੇ ਉਹ ਫੁੱਟ-ਫੁੱਟ ਕੇ ਰੋ ਪਿਆ। ਉਸ ਕਿਹਾ "ਐ ਮਿੱਤਰ ਤੂੰ ਤਾਂ ਜਾਣਦਾ ਹੈ ਕਿ ਮੈਂ ਠੀਕ ਹਾਂ ਤੇ ਰਾਜਾ ਗਲਤ ਹੈ। ਪਰ ਤੂੰ ਰਾਜੇ ਦਾ ਹੁਕਮ ਮੰਨ ਕੇ ਮੇਰੇ ਕੁਝ ਮਾਰਿਆ ਭਾਵੇਂ ਕਿ ਉਹ ਫੁੱਲ ਹੀ ਸੀ। ਪਰ ਤਰਫਦਾਰੀ ਤਾਂ ਰਾਜੇ ਦੀ ਹੀ ਕੀਤੀ ਹੈ। ਤੂੰ ਰਾਜੇ ਦਾ ਹੁਕਮ ਵਜਾਇਆ ਹੈ। ਦੋਸਤੀ ਦਾ ਫਰਜ਼ ਨਹੀਂ ਨਿਭਾਇਆ। ਲੋਕਾਂ ਦੇ ਪੱਥਰਾਂ ਨਾਲ ਤਾਂ ਤਨ ਨੂੰ ਪੀੜ ਹੋਈ ਹੈ। ਪਰ ਤੇਰੇ ਫੁੱਲ ਮਾਰਨ ਨਾਲ ਮੇਰੇ ਮਨ ਨੂੰ ਪੀੜ ਹੋਈ ਹੈ। ਅਜਿਹੇ ਹੀ ਵਰਤਾਰਿਆਂ ਜਾਂ ਜਜ਼ਬਿਆਂ ਨੂੰ ਪ੍ਰਗਟਾਉਂਦਾ ਇਕ ਗੀਤ ਵੀ ਹੈ ਕਿ-

**"ਲੋਕਾਂ ਦੇ ਵੱਟਿਆਂ ਦੀ ਸਾਨੂੰ ਪੀੜ ਰਤਾ ਨਾ ਹੋਈ**
**ਸੱਜਣਾਂ ਨੇ ਫੁੱਲ ਮਾਰਿਆ ਸਾਡੀ ਰੂਹ ਅੰਬਰਾਂ ਤੱਕ ਰੋਈ।"**

ਇਸੇ ਤਰ੍ਹਾਂ ਦਾ ਵੇਰਵਾ ਵਿਲੀਅਮ ਸ਼ੈਕਸਪੀਅਰ ਦੇ ਨਾਟਕ ਜੂਲੀਅਸ ਸੀਜਰ ਵਿਚ ਮਿਲਦਾ ਹੈ ਕਿ ਜੂਲੀਅਸ ਸੀਜਰ ਦਾ ਬਰੂਟਸ, ਉਸ ਦਾ ਪਰਮ ਮਿੱਤਰ ਸੀ। ਸਮਾਂ ਪਾ ਕੇ ਸੀਜਰ ਦੇ ਰਾਗ ਭਾਗ ਨੂੰ ਉਲਟਾਉਣ ਦੀਆਂ ਸਾਜ਼ਿਸ਼ਾਂ ਸ਼ੁਰੂ ਹੋਈਆਂ। ਕੈਸ਼ੀਅਸ ਤੇ ਕਾਸਕਾਂ ਉਹਨਾਂ ਸਾਜ਼ਿਸ਼ਾਂ ਦਾ ਮੁੱਖ ਸੂਤਰਧਾਰ ਜਾਂ (ਚੀਫ ਬਰੇਨ) ਸੀ। ਸੀਜਰ ਨੂੰ ਕਤਲ ਕੀਤੇ ਬਿਨਾਂ ਰਾਜ ਨਹੀਂ ਹਥਿਆਇਆ ਜਾ ਸਕਦਾ ਸੀ। ਇਸੇ ਤਰ੍ਹਾਂ ਰਾਮ ਵੱਲੋਂ ਰਾਵਣ ਦੇ ਭਰਾ ਵਿਭੀਸ਼ਣ ਤੋਂ ਭੇਦ ਲੈ ਕੇ ਵਲ ਤੇ ਛਲ ਨਾਲ ਰਾਵਣ ਨੂੰ ਤੇ ਕਾਸਕਾ ਨੇ ਬਰੂਟਸ ਨੂੰ ਸੀਜਰ ਦੇ ਕਤਲ ਵਿਚ ਸ਼ਾਮਲ ਕਰ ਲਿਆ। ਜਦ ਸੀਜਰ ਦਾ ਕਤਲ ਹੋਣ ਲੱਗਾ ਤਾਂ ਬਰੂਟਸ ਨੇ ਆਪਣੇ ਮਿੱਤਰ ਦੇ ਪਿੱਠ ਪਿੱਛੇ ਖੰਜਰ ਦਾ ਵਾਰ ਕੀਤਾ ਤੇ ਪਿੱਛੇ ਬਰੂਟਸ ਖੜ੍ਹਾ ਸੀ ਤਾਂ ਮਰ ਰਹੇ ਸੀਜਰ ਦੇ ਅੰਤਮ ਬੋਲ ਸਨ "ਬਰੂਟਸ ਯੂ ਟੂ" ਪੰਜਾਬੀ ਵਿਚ ਕਹਿ ਸਕਦੇ ਹਾਂ ਕਿ "ਯਾਰ ਤੂੰ ਵੀ" ਇਹ ਸ਼ਬਦ ਬੋਲ ਕੇ ਬਰੂਟਸ ਨੇ ਪ੍ਰਾਣ ਤਿਆਗ ਦਿੱਤੇ। ਇਸੇ ਤਰ੍ਹਾਂ ਭਗਤ ਸਿੰਘ ਹੋਰਾਂ ਦੇ ਚਾਰ ਸਾਥੀਆਂ ਜੈ ਗੋਪਾਲ, ਫਨਿੰਦਰ ਘੋਸ਼, ਹੰਸ ਰਾਜ ਵੋਹਰਾ ਤੇ ਮਨਮੋਹਨ ਬੈਨਰਜੀ ਨੇ ਜਦੋਂ ਅੰਗਰੇਜ਼ਾਂ ਵੱਲੋਂ ਵਾਅਦਾ ਮੁਆਫ਼ ਬਣ ਕੇ ਉਲਟ ਗਵਾਹੀਆਂ ਦਿੱਤੀਆਂ ਹੋਣਗੀਆਂ ਤਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਮਨ ਵਿਚ ਆਇਆ ਹੋਵੇਗਾ ਕਿ "ਯਾਰ ਤੁਸੀਂ ਵੀ ਅੰਗਰੇਜ਼ਾਂ ਪਿੱਛੇ ਲੱਗ ਕੇ ਤੁਸੀਂ ਵੀ ਪਿੱਠ 'ਚ ਵਾਰ ਕਰਨ ਵਾਲਿਆਂ 'ਚ ਸ਼ਾਮਲ ਹੋ ਗਏ।" ਇਹ ਹਕੀਕਤ ਸ਼ਿਬਲੀ ਦੇ ਮਨ ਦੀ ਹੂਕ ਨੂੰ ਦੁਹਰਾਉਂਦੀ ਹੈ ਕਿ ਇਹਨਾਂ ਦੋਸਤਾਂ ਦੀਆਂ ਨਜ਼ਰਾਂ ਵੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨਾਲ ਸਿਬਲੀ ਵਾਂਗ ਲੜੀਆਂ ਹੋਣਗੀਆਂ ਕਿਉਂਕਿ ਉਨ੍ਹਾਂ ਨੇ ਭਗਤ ਸਿੰਘ ਦੇ ਫਲਸਫ਼ੇ ਨੂੰ ਨਹੀਂ ਜਾਣਿਆ। ਸਗੋਂ ਅੰਗਰੇਜ਼ਾਂ ਦਾ ਹੁਕਮ ਵਜਾਇਆ ਸੀ। ਪਾਠਕ ਸੋਚਣਗੇ ਕਿ ਇਹਨਾਂ ਘਟਨਾਵਾਂ ਦੀਆਂ ਰੈਲ੍ਹਾਂ ਵਰਾਲਣ ਦਾ ਕੀ ਭਾਵ? ਨਹੀਂ ਦੋਸਤੋ ਇਸਦਾ ਭਾਵ ਹੈ। ਜੇ ਤੁਸੀਂ ਸੱਤਰ ਸਾਲ ਤੋਂ ਨਹੀਂ ਸਮਝੇ ਤਾਂ ਤੁਹਾਡੇ ਸੁੰਨ ਹੋਣ ਦਿਮਾਗ਼ ਤੇ ਤਰਸ ਹੀ ਕਰ ਸਕਦੇ ਹਾਂ। ਜਿਵੇਂ ਕੋਈ ਸਰੀਰਕ ਜਾਂ ਮਾਨਸਿਕ ਪੱਖੋਂ ਅਪਾਹਜ ਤੇ ਤਰਸ ਕਰ ਲੈਂਦਾ ਹੈ। ਸੰਖੇਪ ਰੂਪ 'ਚ ਨਹਿਰੂ ਗਾਂਧੀ ਨੇ ਭਾਰਤ ਦੇ ਪਰਮ ਮਿੱਤਰ ਬਣ ਕੇ ਭਾਰਤ ਪਾਕਿਸਤਾਨ ਨੂੰ ਵੱਖ ਕਰਕੇ ਦੱਸ ਲੱਖ ਲੋਕਾਂ ਦਾ ਖ਼ੂਨ ਵਹਾਇਆ ਕੀ ਇਹ ਬਰੂਟਸ ਵਾਂਗ ਸੀਜਰ ਦੀ ਥਾਂ ਮਾਊਂਟਬੈਟਨ ਨਾਲ ਮਿਲਕੇ ਪਿੱਠ ਪਿੱਛੋਂ ਕੀਤਾ ਗਿਆ ਵਾਰ ਨਹੀਂ ਸੀ?


ਖੈਰ ਇਹ ਪ੍ਰਕਿਰਿਆ ਅੱਜ ਵੀ ਨਿਰੰਤਰ ਜਾਰੀ ਹੈ। ਹਰ ਪੰਜ ਸਾਲ ਬਾਅਦ ਲੋਕਾਂ ਦੇ ਮਿੱਤਰ ਬਣਕੇ ਜਾਂ ਲੋਕਾਂ ਨੂੰ ਮਿੱਤਰ ਬਣਾ ਕੇ ਪ੍ਰਤੀਨਿਧ ਵੋਟਾਂ ਲਈ ਆਉਂਦੇ ਹਨ। ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਰਹਿਤ ਤੇ ਬਰਾਬਰੀ ਵਾਲਾ ਸਮਾਜ ਸਿਰਜਾਂਗੇ। ਕੀ ਹੁਣ ਤੱਕ ਵੋਟ ਪਰਚੀਆਂ (ਤਾਸ਼ ਦੀ ਖੇਡ ਵਾਂਗ) ਤੋਂ ਲੈ ਕੇ ਕੈਲਕੂਲੇਟਰ ਦੇ ਬਟਨ ਦਬਾਉਣ ਵਾਂਗ ਈ.ਵੀ.ਐਮ. ਮਸ਼ੀਨਾਂ ਆਉਣ ਤੇ ਵੀ ਇਹ ਅਲਾਮਤਾਂ ਦੂਰ ਹੋਈਆਂ? ਸਗੋਂ ਬਕੌਲ ਸ਼ਾਇਰ ਅਨੁਸਾਰ "ਮਰਜ ਬੜਤਾ ਗਿਆ, ਯੂੰ ਯੂੰ ਦਵਾ ਕੀ।"

ਗਰੀਬੀ ਦੀ ਜਿਲਣ ਤੇ ਕੁਪੋਸ਼ਨ ਦੇ ਚਿੱਕੜ 'ਚ ਗੱਡੇ ਸ਼ਿਬਲੀ (ਜਨ-ਸਧਾਰਨ) ਉਪਰ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖਿਲਾਫ਼ ਬੋਲਣ ਵਾਲੇ (ਸ਼ਿਬਲੀ) ਚੇਤੰਨ ਲੋਕਾਂ ਤੇ ਗੋਲੀ ਲਾਠੀਚਾਰਜ, ਝੂਠੇ ਪੁਲਿਸ ਮੁਕਾਬਲੇ, ਤਸ਼ੱਦਦ ਆਦਿ ਦੀਆਂ ਡਾਂਗਾਂ ਖਾ ਰਹੇ ਹਨ ਕੀ ਇਹ ਦੌਰ ਸ਼ਿਬਲੀ ਨੂੰ ਵੱਜ ਰਹੇ ਪੱਥਰਾਂ ਵਰਗਾ ਨਹੀਂ ਹੈ? ਕੀ ਸ਼ਿਬਲੀਆਂ ਦੇ ਮਿੱਤਰ ਬਣੇ ਨੁਮਾਇੰਦਿਆਂ ਨੇ ਨੋਟਾਂ ਦੇ ਟਰੱਕ ਭੇਜੇ? ਕੀ ਜਲ ਬੱਸਾਂ ਨੇ ਲੋਕਾਂ ਨੂੰ ਭਵਸਾਗਰ ਪਾਰ ਕਰਵਾ ਕੇ ਕਿਸੇ ਤਣ-ਪੱਤਣ ਲਗਾਇਆ? ਕੀ ਸ਼ਿਬਲੀ ਦੀ ਧਰਤੀ ਕੈਲੇਫੋਰਨੀਆਂ ਬਣੀ? ਸ਼ਿਬਲੀ ਕੋਲ ਤਾਂ ਜੋ ਚਾਰ ਦਮੜੇ ਸਨ। ਉਹ ਵੀ ਸੱਜਣਾਂ ਦੇ ਫੁੱਲ ਮਾਰਨ ਵਾਂਗ ਨੋਟਵੰਦੀ ਤੇ ਜੀ.ਐਸ.ਟੀ. ਨੇ ਖੋਹ ਲਏ ਹਨ। ਸ਼ਿਬਲੀ ਵਾਂਗ (ਲੋਕਾਂ) ਦੀ ਰੂਹ ਜ਼ਾਰੋ ਜ਼ਾਰ ਰੋ ਰਹੀ ਹੈ।

ਖੈਰ ਇਸ ਸਾਹਿਤਕ ਕਥਾ ਵਿਧਾ ਤੋਂ ਅਸੀਂ ਹੋਰ ਅੱਗੇ ਇਤਿਹਾਸ ਵੱਲ ਚੱਲਦੇ ਹਾਂ। ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣਾਏ ਜਾਣ ਦੇ ਹੁਕਮ ਤੇ ਸ਼ੇਰ ਖਾਂ ਵਜ਼ੀਰ ਖਾਂ ਨੂੰ ਇਹ ਕਹਿ ਕੇ ਚਲਾ ਗਿਆ ਕਿ "ਇਸਲਾਮੀ ਸ਼ਰਾ ਇਸ ਦੀ ਇਜਾਜ਼ਤ ਨਹੀਂ ਦਿੰਦਾ ਇਹ ਜ਼ੁਲਮ ਹੈ।" ਪਰ ਸੁੱਚਾ ਨੰਦ ਨੇ ਲੁੱਚਾ ਨੰਦ ਬਣ ਕੇ ਵਜ਼ੀਰ ਖਾਂ ਨੂੰ ਇਸ ਭਾਣੇ ਨੂੰ ਵਰਤਾਉਣ ਲਈ ਉਕਸਾਇਆ। ਜਿਵੇਂ ਚੰਦੂ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇਣ ਲਈ ਉਕਸਾਇਆ। ਇਹ ਜ਼ਰੂਰੀ ਨਹੀਂ ਕਿ ਜੋ ਮਾਂ ਬਾਪ ਨੇ ਨਾਂ ਰੱਖਿਆ ਹੈ। ਉਸ ਉੱਪਰ ਮਨੁੱਖ ਉਤਰੇ ਪਵਿੱਤਰ ਸਿੰਘ ਅਮਲ 'ਚ ਚਿੱਕੜ ਨਿਬੜਿਆ ਧੋਖੇਬਾਜ਼ ਤੇ ਘਟੀਆ ਵੀ ਹੋ ਸਕਦਾ ਹੈ। ਅਕਲੋਂ ਅੰਨ੍ਹੇ ਲੋਕ ਤਾਂ ਸੜਕਾਂ ਕਿਨਾਰੇ ਮਜ਼ਾਰ ਬਣਾ ਕੇ ਹਰੀ ਚਾਦਰ ਚੜ੍ਹਾ ਕੇ ਬਨਾਵਟੀ ਤੀਰਥ ਸਥਾਨ ਵੀ ਬਣਾਈ ਬੈਠੇ ਹਨ। ਜਿਥੇ ਨਾਮਵਰ ਗਾਇਕ ਅਖਾੜੇ ਲਗਾਉਂਦੇ ਹਨ ਤੇ ਉਹਨਾਂ ਉਪਰੋਂ ਨੋਟਾਂ ਦੇ ਭਰੇ ਬੋਰੀਆਂ ਦੇ ਬੋਰੇ ਖਾਲੀ ਹੁੰਦੇ ਹਨ।

ਜਦੋਂ ਲੋਕਾਈ ਦਿਮਾਗ਼ੀ ਤੌਰ ਤੇ ਸੁੰਨ ਹੋਵੇ, ਚੇਤਨਤਾ ਤੋਂ ਵਿਰਵੀ ਹੋਵੇ ਤਾਂ ਸ਼ਿਬਲੀ ਵਾਲਾ ਦੁਖਾਂਤ ਬਦਲਵੇਂ ਰੂਪ ਵਿਚ ਵਾਪਰਦਾ ਹੈ। ਬਾਬਾ ਨਾਨਕ ਨੇ ਵੀ ਇਸ ਵਰਤਾਰੇ ਨੂੰ "ਅੰਧੀ ਰਈਅਤ ਗਿਆਨ ਵਿਹੂਣੀ ਦਾ ਸੰਦੇਸ਼ ਦਿੱਤਾ ਹੈ। ਪਰ ਇਸ ਪੰਗਤੀ ਦਾ ਰਟਨ ਕਰਕੇ ਵੀ ਸਥਿਤੀ ਸਾਢੇ ਪੰਜ ਸੌ ਸਾਲ ਬਾਅਦ ਵੀ ਉਥੇ ਦੀ ਉਥੇ ਖੜ੍ਹੀ ਹੈ।

ਹੁਣ ਇਸਦੀ ਜਗ੍ਹਾ ਡੇਰਿਆਂ ਨੇ ਅਤੇ ਦੇਹਧਾਰੀ ਸਾਧਾਂ ਨੇ ਲੈ ਲਈ ਹੈ। ਜਿਨ੍ਹਾਂ ਕੋਲ ਲੋਕਾਈ ਆਪਣੇ ਨਿੱਜੀ ਕਜੀਏ ਕਲੇਸ਼ਾਂ ਤੇ ਤੰਗੀਆਂ ਨੂੰ ਲੈ ਕੇ ਅਗਲੇ ਪਿਛਲੇ ਜਨਮਾਂ ਦਾ ਕੀਤਾ ਕਤਾਇਆ ਮੰਨਦੀ ਹੈ। ਇਹ ਸ਼ਾਤਰ ਲੋਕ ਸਾਡੇ ਚੁਣੇ ਪ੍ਰਤੀਨਿਧ ਮਿੱਤਰਾਂ ਦੀ ਸੱਜੀ ਬਾਂਹ ਹਨ। ਛੋਟੀਆਂ ਪਰਚੂਨ ਦੀਆਂ ਹੱਟੀਆਂ ਦੀ ਥਾਂ ਰੈਡੀਮੇਡ ਵੋਟਾਂ ਦੇ ਮਾਲਜ਼ ਕਹਿ ਸਕਦੇ ਹਾਂ। ਸ਼ਿਬਲੀ (ਲੋਕਾਈ) ਅੱਜ ਵੀ ਅਜਿਹੇ ਮਿੱਤਰਾਂ ਦੇ ਵੱਟੇ ਅਤੇ ਫੁੱਲ ਖਾ ਰਹੀ ਹੈ। ਉਸਦੀ ਰੂਹ ਕੁਰਲਾ ਰਹੀ ਹੈ। ਧਾਰਮਿਕ ਬੁਰਕਾ ਪਹਿਨ ਕੇ ਸਿਰਫ਼ ਬਾਹਰੀ ਲਿਬਾਸਧਾਰੀ ਬਣ ਕੇ ਸੱਚੇ ਸੁੱਚੇ ਬਣ ਰਹੇ ਹਨ। ਪਰ ਉਹਨਾਂ ਦੇ ਅਮਲ ਠੱਗ ਵਰਗੇ ਹਨ। ਸਾਂਈ ਬਾਬਾ, ਆਸਾ ਰਾਮ, ਰਾਮਪਾਲ ਤੇ ਰਾਮ ਰਹੀਮ ਇੱਕੋ ਥੈਲੀ ਦੇ ਚੱਟੇ ਵੱਟੇ ਸਾਬਤ ਹੋਏ ਤੇ ਸਾਡੇ ਰਾਜਸੀ ਮਿੱਤਰ ਦਰਅਸਲ ਇਹਨਾਂ ਦੇ ਮਿੱਤਰ ਸਿੱਧ ਹੋਏ ਹਨ। ਜਿਨ੍ਹਾਂ ਬਰੂਟਸ ਵਾਂਗ ਲੋਕਾਈ ਦੀ ਪਿੱਠ ਤੇ ਵਾਰ ਕੀਤਾ ਹੈ। ਸਾਡੇ ਮੂੰਹੋਂ ਇਹ ਜ਼ਰੂਰ ਨਿਕਲਦਾ ਹੈ ਕਿ "ਯਾਰੋ ਤੁਸੀਂ ਵੀ ਪਹਿਲਿਆਂ ਵਰਗੇ ਹੀ ਮਿੱਤਰ ਸਿੱਧ ਹੋਏ"। ਸੋ ਅਜਿਹੇ ਮਿੱਤਰ ਮਾਰ ਕਰਨ ਵਾਲਿਆਂ ਨੇ ਹੀ ਇਹਨਾਂ ਨੂੰ ਉਭਾਰਿਆ, ਵੋਟ ਸਿਆਸਤ 'ਚ ਵਰਤਿਆ, ਇਹਨਾਂ ਕੁਕਰਮ ਕੀਤੇ ਤੇ ਇਹਨਾਂ ਰਾਜਸੀ ਮਿੱਤਰਾਂ ਨੇ ਇਹਨਾਂ ਨੂੰ ਛੁਪਾਇਆ। ਪੰਜਾਬ ਦਾ ਇਕ ਜ਼ਿਲ੍ਹਾ ਉਦਾਸਪੁਰਾ ਸਿੱਧ ਹੋਇਆ ਹੈ। ਚਾਹੇ ਉਹ ਪਠਾਨਕੋਟ ਏਅਰਬੇਸ ਤੇ ਅੱਤਵਾਦੀ ਛੱਡ ਕੇ ਕੌਮ ਦੀ ਐਸੀ ਤੈਸੀ ਫੇਰਨ ਵਾਲਾ ਅਫ਼ਸਰ ਹੋਵੇ ਜਾਂ ਕਪਾਹਾਂ ਨਰਮਾਂ ਨੂੰ ਜਾਅਲੀ ਬੀਜ ਤੇ ਦਵਾਈ ਦੇ ਕੇ ਰਾਜਸੀ ਗਲਿਆਰਿਆ ਤੱਕ ਹਿੱਸਾ ਪਤੀ ਕਰਨ ਵਾਲਾ ਅਫ਼ਸਰ ਹੋਵੇ। ਜਿਨ੍ਹਾਂ ਨੂੰ ਕਿ ਲੋਕਾਂ ਦੀ ਸੇਵਾ ਲਈ ਲਗਾਇਆ ਜਾਂਦਾ ਹੈ ਜਾਂ ਪਬਲਿਕ ਸਰਵੈਂਟ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸੁੱਚਾ ਨੰਦ ਵਾਂਗ ਲੁੱਚੇ ਨੰਦਾਂ ਦਾ ਨਦੀਨ ਫਿਰ ਉੱਗ ਪਿਆ ਹੈ। ਗੁਰੂ ਦੇ ਬਖਸ਼ੇ ਪੰਜ ਕਕਾਰ ਧਾਰਨ ਕਰਨ ਵਾਲਿਆਂ ਦੇ ਆਗੂ ਅਲੀ ਬਾਬਾ ਚਾਲੀ ਚੋਰ ਵਾਂਗ ਜਾਂ ਜੇਹੋ ਜੇਹੀ ਕੋਕੋ ਉਹੋ ਜੇਹੇ ਬੱਚੇ ਵਾਂਗ ਸੁੱਚਿਆਂ ਦੀ ਸੁੱਚਮਤਾ ਜਿਣਸੀ ਸਬੰਧਾਂ ਦੀ ਵੀਡੀਓ ਕਕਾਰਾਂ ਸਮੇਤ ਸ਼ਿਬਲੀ (ਲੋਕਾਂ) ਨੇ ਦੇਖੀ ਹੈ ਜੋ ਸਾਹਮਣੇ ਆਈ ਹੈ। ਉਹ ਗੁਰੂ ਫਲਸਫ਼ੇ ਤੇ ਧੱਬਾ ਹੈ। ਇਹ ਸਾਰੇ ਹੀ ਇਸ ਹਮਾਮ ਵਿਚ ਨੰਗੇ ਹਨ। ਜਿਸ ਦਿਨ ਸਮੇਂ ਦਾ ਕੈਮਰਾ ਹਮਾਮ ਵਿਚ ਗਿਆ ਤਾਂ ਰਾਜਿਆ ਦਾ ਸੱਚ ਤੇ ਮਿੱਤਰਾਂ ਦੀ ਮੱਤ ਸ਼ਿਬਲੀ ਦੇ ਸਾਹਮਣੇ ਨੰਗੀ ਹੋ ਜਾਵੇਗੀ। ਜਿਨ੍ਹਾਂ ਨੇ ਸ਼ਿਬਲੀ ਦੇ ਗੁਰੂ ਫਲਸਫ਼ੇ ਤੇ ਮਿੱਤਰ ਬਣ ਕੇ ਫੁੱਲ ਨਹੀਂ ਸਗੋਂ ਪੱਥਰ ਮਾਰਿਆ ਹੈ। ਲੋਕਾਂ ਨੂੰ ਬਰਾਬਰੀ ਜਾਂ ਪੂਰਨ ਰੁਜ਼ਗਾਰ ਦੇ ਸੁਪਨੇ ਦਿਖਾਉਣ ਵਾਲੇ ਡਰੀਮ ਪਿਡਲਰੀ ਸਿੱਧ ਹੋਏ ਹਨ। ਭਾਵ ਸੁਪਨਸਾਜ਼ ਜਿਨ੍ਹਾਂ ਮੁਕਤਾ ਦਾ ਲਾਲ ਝੰਡਾ ਫੜ ਕੇ ਕੁੱਤੀ ਦੇ ਚੋਰਾਂ ਨਾਲ ਰਲ ਜਾਣ ਵਾਲੀ ਉਦਾਹਰਣ ਵਾਰ-ਵਾਰ ਰੱਖੀ ਹੈ। ਭਾਵੇਂ ਉਹ ਐਮਰਜੈਂਸੀ ਦਾ 40 ਸਾਲ ਪਹਿਲਾਂ ਦਾ ਦੌਰ ਸੀ। ਕੁੱਤੇ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਪੂਛ ਬਾਰਾਂ ਸਾਲ ਵੰਝਲੀ 'ਚ ਪਾ ਕੇ ਰੱਖੀ ਪਰ ਉਹ ਫਿਰ ਵੀ ਵਿੰਗੀ ਦੀ ਵਿੰਗੀ।




Scanned with CamScanner







ਇਸ ਜਹਾਜ ਰਾਹੀਂ 241 ਭਾਰਤੀ ਯਾਤਰੀ ਯੂਕਰੇਨ ਤੋਂ ਭਾਰਤ ਆਏ ਹਨ। ਜਦੋਂ ਮਾੜਾ ਸਮਾਂ ਆਉਂਦਾ ਹੈ ਤਾਂ ਆਵਦਾ ਦੇਸ਼ ਹੀ ਯਾਦ ਆਉਂਦਾ ਹੈ। ਇਸ ਲਈ ਭਾਵੇਂ ਤੁਸੀਂ ਜਿੱਥੇ ਮਰਜ਼ੀ ਡਾਲਰ ਕਮਾਉਂਦੇ ਰਿਹਾ ਕਰੋ ਪਰ ਉਸ ਮਿੱਟੀ ਨੂੰ ਨਾ ਭੰਡਿਆ ਕਰੋ ਜਿਸ ਵਿੱਚ ਖੇਡਦੇ ਤੁਸੀਂ ਵੱਡੇ ਹੋਏ ਹੋ। ਦੂਜੇ ਮੁਲਕਾਂ ਦੀ ਮਹਿੰਗੀ ਕਰੰਸੀ ਦੀ ਚਮਕ ਵਿੱਚ ਅੱਖਾਂ ਦੀ ਰੋਸ਼ਨੀ ਐਨੀਂ ਵੀ ਨਾ ਗਵਾਇਆ ਕਰੋ ਕਿ ਆਵਦੇ ਦੇਸ਼ ਦੀਆਂ ਚੰਗੀਆਂ ਚੀਜ਼ਾਂ ਵੀ ਨਜ਼ਰ ਆਉਣੀਆਂ ਬੰਦ ਹੋ ਜਾਣ। ਸਾਡੇ ਦੇਸ਼ ਦੇ ਸਿਸਟਮ ਵਿੱਚ ਲੱਖ ਬੁਰਾਈਆਂ ਹੋਣੀਆਂ ਨੇ ਪਰ ਇਸ ਦੇਸ਼ ਅੰਦਰ ਬਹੁਤ ਕੁਝ ਚੰਗਾ ਵੀ ਹੈ।

ਜਿਸ ਭਾਰਤ ਸਰਕਾਰ ਨੂੰ ਅਸੀਂ ਦਿਨ ਰਾਤ ਕੋਸਦੇ ਹਾਂ ਓਹੀ ਭਾਰਤ ਸਰਕਾਰ ਪਹਿਲਾਂ ਅਫਗਾਨਿਸਤਾਨ ਵਿੱਚੋਂ ਆਪਣੇ ਦੇਸ਼ ਵਾਸੀਆਂ ਨੂੰ ਬਚਾ ਕੇ ਲਿਆਈ ਅਤੇ ਹੁਣ ਸੁਰੱਖਿਆ ਨੂੰ ਦੇਖਦੇ ਹੋਏ ਯੂਕਰੇਨ ਤੋਂ ਵਾਪਿਸ ਲਿਆਈ ਹੈ।

– ਆਪਣਾ ਕੈਨੇਡਾ ਫੇਸਬੁੱਕ ਪੇਜ ਤੋਂ ਧੰਨਵਾਦ ਸਹਿਤ




ਧੰਨ ਤੇਰੀ ਭਗਤੀ ਯੋਧਿਆ, ਸਾਡੇ ਕੋਲੋਂ ਇੱਕ ਟਿਕਟ ਨੀਂ ਸਰੀ ਅੰਦੋਲਨ ਵਿੱਚ ਪਹੁੰਚਣ ਲਈ ਤੇ ਡਾ: ਸਰਦਾਰ ਸਵੈਮਾਨ ਸਿੰਘ ਆਪਣਾਂ ਅਮਰੀਕਾ ਦਾ ਡਾਕਟਰੀ ਦਾ ਕਿੱਤਾ ਛੱਡ ਕੇ ਇੱਕ ਸਾਲ ਕਿਸਾਨ ਅੰਦੋਲਨ ਵਿੱਚ ਦਿੱਲੀ ਦੇ ਬਾਡਰਾਂ ਤੇ ਮੁਫਤ ਡਾਕਟਰੀ ਸਹੂਲਤਾਂ ਮੁਹੱਈਆ ਕਰਵਾਉਦਾ ਰਿਹੈ।

ਇਨਾਂ ਮੁਲਕਾਂ ਵਿੱਚ ਦਿਲ ਦੇ ਰੋਗਾਂ ਦੇ ਮਾਹਰ ਡਾ: ਇੱਕ ਵਾਰ ਮਰੀਜ਼ ਨੂੰ ਚੈੱਕ ਕਰਨ ਦਾ $300 ਲੈਂਦੇ ਨੇ ਅਤੇ ਰੋਜ ਦੇ ਤਕਰੀਬਨ 40-50 ਮਰੀਜ਼ ਵੇਖਦੇ ਨੇ। ਇੱਕ ਬਾਈਪਾਸ ਸਰਜਰੀ ਦਾ $40000 ਲੈਂਦੇ ਨੇ ਤੇ ਹਫਤੇ ਦੀਆਂ ਕਰੀਬ 10 ਸਰਜਰੀਆਂ ਕਰਦੇ ਨੇ। ਹੁਣ ਗੁਣਾਂ ਘਟਾਓ ਆਪੇ ਕਰ ਲਿਓ!

ਮੈਂ ਇਹ ਵੀ ਦਾਅਵੇ ਨਾਲ ਕਹਿ ਸਕਦਾਂ ਕਿ ਸਰਦਾਰ ਸਾਬ੍ਹ ਨੇ ਡਾਕਟਰੀ ਸੇਵਾਵਾਂ ਦੇ ਨਾਲ ਨਾਲ ਲੱਖਾਂ ਰੁਪਏ ਵੀ ਪੱਲਿਓਂ ਖਰਚੇ ਹੋਣਗੇ ਅੰਦੋਲਨ ਦੌਰਾਨ। ਪਤਨੀ ਅਤੇ ਦੋ ਸਾਲ ਦੀ ਇੱਕ ਧੀ ਅਮਰੀਕਾ ਵਿੱਚ ਰਹਿੰਦੀ ਹੈ ਜਿਸ ਨੂੰ ਮਿਲਿਆਂ ਇੱਕ ਸਾਲ ਹੋ ਗਿਆ, ਧੰਨ ਹੈ ਓਹ ਪਤਨੀ ਜੋ ਆਪਣੇ ਘਰਵਾਲ਼ੇ ਦਾ ਇਸ ਕਾਰਜ ਵਿੱਚ ਪੂਰਾ ਸਾਥ ਦੇ ਰਹੀ ਹੈ।

ਐਵੇਂ ਨਹੀਂ ਇਤਿਹਾਸ ਦੇ ਪੰਨਿਆਂ ਉੱਤੇ ਨਾਂ ਛੱਪਦੇ! ਮੈਂ ਕਈ ਵਾਰ ਇਤਿਹਾਸ ਦੀਆਂ ਕਿਤਾਬਾਂ ਪੜ੍ਹਦਾ ਸੋਚੀਂ ਪੈ ਜਾਨਾਂ ਹੁੰਨਾਂ ਕਿ ਜੇ ਕਿਧਰੇ ਮੈਂ ਅਬਦਾਲੀ ਵਰਗਿਆਂ ਦੇ ਵੇਲੇ ਹੁੰਦਾ ਤਾਂ ਮੂਹਰੇ ਹੋ ਹੋ ਜੂਝਦਾ, ਪਰ ਨਹੀਂ! ਜੇ ਮੈਂ ਓਦੋ ਹੁੰਦਾ ਵੀ ਤਾਂ ਅੱਜ ਵਾਂਗ ਰੋਜੀ ਰੋਟੀ ਦੇ ਫਿਕਰ ਵਿੱਚ ਹੀ ਮਸਤ ਹੋਣਾ ਸੀ। ਕਾਸ਼ ਡਾ ਸਵੈਮਾਨ ਸਿੰਘ ਵਰਗਾ ਜਿਗਰਾ ਮੇਰੇ ਕੋਲ ਵੀ ਹੁੰਦਾ!

– ਆਪਣਾ ਕੈਨੇਡਾ ਫੇਸਬੁੱਕ ਪੇਜ ਤੋਂ ਧੰਨਵਾਦ ਸਹਿਤ




Scanned with CamScanner

# ਪੰਜਾਬ ਵਿਧਾਨ ਸਭਾ ਚੋਣਾਂ 2022

## ਕਿਸ ਪਾਰਟੀ ਨੂੰ ਮਿਲੀਆਂ ਕਿੰਨੀਆਂ ਸੀਟਾ...




| ਆਪ | ਕਾਂਗਰਸ | ਅਕਾਲੀ ਦਲ | ਭਾਜਪਾ | ਹੋਰ |
|---|---|---|---|---|
| 92 | 18 | 04 | 02 | 01 |

# ਪੰਜਾਬ ਹੋਇਆ ਆਮ ਆਦਮੀ ਪਾਰਟੀ ਦਾ...

## ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਹੋਵੇਗਾ ਸਹੁੰ ਚੁੱਕ ਸਮਾਰੋਹ



ਚੰਡੀਗੜ੍ਹ/ ਬਿਓਰੋ

ਦਿੱਲੀ ਦੀ ਸਰਹੱਦ ਦੇ ਬਾਹਰ ਆਮ ਆਦਮੀ ਪਾਰਟੀ ਪੰਜਾਬ ਵਿੱਚ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ। ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ 45,000 ਤੋਂ ਵੱਧ ਵੋਟਾਂ ਨਾਲ ਰਿਕਾਰਡ ਜਿੱਤ ਹਾਸਿਲ ਕੀਤੀ ਹੈ। ਜਿੱਤ ਤੋਂ ਬਾਅਦ ਭਗਵੰਤ ਮਾਨ ਆਪਣੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣਗੇ। ਸਹੁੰ ਚੁੱਕ ਸਮਾਰੋਹ ਵੀ ਰਾਜ ਭਵਨ ਦੀ ਜਗ੍ਹਾ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਹੋਵੇਗਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦਾ ਸਹੁੰ ਚੁੱਕ ਸਮਾਗਮ ਰਾਜ ਭਵਨ ਵਿਚ ਹੁੰਦਾ ਰਿਹਾ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 13,000 ਅਤੇ ਸੁਖਬੀਰ ਬਾਦਲ 12,000 ਵੋਟਾਂ ਨਾਲ ਚੋਣ ਹਾਰ ਗਏ ਹਨ। ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਵੀ ਹਾਰ ਦਾ ਮੂੰਹ ਵੇਖਣਾ ਪਿਆ ਹੈ। ਆਮ ਆਦਮੀ ਪਾਰਟੀ ਨੇ ਨਵਜੋਤ ਸਿੱਧੂ ਅਤੇ ਬਿਕਰਮ ਮਜੀਠੀਆ ਦੇ ਸਾਹਮਣੇ ਮਹਿਲਾ ਉਮੀਦਵਾਰ ਜੀਵਨ ਜੋਤ ਨੂੰ ਉਤਾਰਿਆ ਸੀ। ਹਾਲਾਂਕਿ ਪੂਰਾ ਫੋਕਸ ਸਿੱਧੂ -ਮਜੀਠੀਆ ਦੀ ਲੜਾਈ ਸੀ। ਲੇਕਿਨ ਸਾਰੀ ਮੁਸ਼ਕਲਾਂ ਦੇ ਵਿਚ ਜੀਵਨ ਜੋਤ ਨੇ ਕਮਾਲ ਕਰਕੇ ਦਿਖਾਇਆ। ਪੰਜਾਬ ਵਿਧਾਨ ਸਭਾ ਚੋਣਾਂ 2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਬਣੀ ਸਰਕਾਰ ਦਾ ਪੂਰੇ ਪੰਜ ਸਾਲ ਦਾ ਕਾਰਜਕਾਲ ਅੰਦਰੂਨੀ ਕਲੇਸ਼ ਵਿਚ ਬੀਤਿਆ। ਇਸ ਕਲੇਸ਼ ਦਾ ਹੀ ਨਤੀਜਾ ਰਿਹਾ ਕਿ ਸੂਬੇ ਦੀ ਰਾਜਨੀਤੀ ਵਿੱਚ ਪਛਾਣ ਬਣ ਚੁੱਕੇ ਕੈਪਟਨ ਨੂੰ ਨਾ ਸਿਰਫ ਮੁੱਖ ਮੰਤਰੀ ਅਹੁਦੇ ਤੋਂ ਹਟਾਇਆ ਗਿਆ ਬਲਕਿ ਕੈਪਟਨ ਨੇ ਕਾਂਗਰਸ ਨੂੰ ਅਲਵਿਦਾ ਵੀ ਕਹਿ ਦਿੱਤਾ।

ਕਾਂਗਰਸ ਹਾਈਕਮਾਨ ਨੇ ਆਪਣੀ ਪਾਰਟੀ ਦਾ ਵਜੂਦ ਬਣਾਉਣ ਲਈ ਚਰਨਜੀਤ ਚੰਨੀ ਨੂੰ 111 ਦਿਨ ਲਈ ਮੁੱਖ ਮੰਤਰੀ ਬਣਾ ਕੇ 2022 ਚੋਣਾਂ ਵਿਚ ਰਾਜਸ਼ੀ ਖੇਡਣਾ ਚਾਹਿਆ ਪਰ ਤਦ ਤੱਕ ਬਹੁਤ ਦੇਰ ਹੋ ਗਈ ਸੀ। ਕੈਪਟਨ ਦੀ ਤਰ੍ਹਾਂ ਚੰਨੀ ਨੂੰ ਵੀ ਅਪਣੇ ਕਾਰਜਕਾਲ ਦੌਰਾਨ ਪਾਰਟੀ ਦੇ ਅੰਦਰੂਨੀ ਕਲੇਸ਼ ਦਾ ਸਾਹਮਣਾ ਕਰਨਾ ਪਿਆ। ਪਾਰਟੀ ਦੇ ਅੰਦਰ ਮੁੱਖ ਵਿਵਾਦ ਮੁੱਖ ਮੰਤਰੀ ਦੀ ਕੁਰਸੀ ਨੂੰ ਲੈ ਕੇ ਹੀ ਰਿਹਾ, ਜਿਸ ਦੇ ਲਈ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਸਿਧੇ ਤੌਰ ਤੇ ਦਾਅਵੇਦਾਰੀ ਪੇਸ਼ ਕਰਦੇ ਰਹੇ।

ਕੈਪਟਨ ਦੇ ਅਸਤੀਫੇ ਤੋਂ ਬਾਅਦ ਇਸ ਅਹੁਦੇ ਦੇ ਲਈ ਸਿੱਧੂ ਦੇ ਨਾਲ ਨਾਲ ਕਈ ਹੋਰ ਸੀਨੀਅਰ ਨੇਤਾ ਵੀ ਮੈਦਾਨ ਵਿਚ ਉਤਰ ਗਏ ਅਤੇ ਇੱਕ ਸਮੇਂ ਪੰਜਾਬ ਕਾਂਗਰਸ ਕਈ ਧੜਿਆਂ ਵਿਚ ਵੰਡਦੀ ਨਜ਼ਰ ਆਉਣ ਲੱਗੀ। ਹਾਈਕਮਾਨ ਨੇ ਸੁਨੀਲ ਜਾਖੜ ਨੂੰ ਹਟਾ ਕੇ ਸਿੱਧੂ ਨੂੰ ਕਾਂਗਰਸ ਪ੍ਰਧਾਨ ਦਾ ਅਹੁਦਾ ਵੀ ਸੌਂਪਿਆ ਪਰ ਕੁਰਸੀ ਦੀ ਲੜਾਈ ਅਤੇ ਅੰਦਰੂਨੀ ਕਲੇਸ਼ ਖਤਮ ਨਹੀਂ ਹੋ ਸਕਿਆ। 2017 ਵਿਚ 77 ਸੀਟਾਂ ਜਿੱਤ ਕੇ ਸੱਤਾ ਵਿਚ ਆਈ ਕਾਂਗਰਸ ਨੂੰ ਲੋਕਾਂ ਨੇ 2022 ਵਿੱਚ ਵਿਰੋਧੀ ਧਿਰ ਵਿਚ ਬੈਠਣ ਦਾ ਵੀ ਮਸਾ ਹੀ ਮੌਕਾ ਦਿੱਤਾ ਹੈ।

### ਕਿਸਾਨ ਅੰਦੋਲਨ ਦੇ ਨੇਤਾਵਾਂ ਨੂੰ ਪੰਜਾਬ ਦੇ ਲੋਕਾਂ ਦਾ ਨਹੀਂ ਮਿਲਿਆ ਸਮਰਥਨ:

ਖੇਤੀ ਕਾਨੂੰਨ ਦੇ ਵਿਰੋਧ ਵਿਚ ਇੱਕ ਸਾਲ ਤੋਂ ਜ਼ਿਆਦਾ ਸਮੇਂ ਤੱਕ ਚੱਲੇ ਕਿਸਾਨ ਅੰਦੋਲਨ ਵਿਚ ਪੰਜਾਬ ਨੇ ਮਹੱਤਵਪੂਰਣ ਭੂਮਿਕਾ ਨਿਭਾਈ ਸੀ। ਪਰ ਇਹ ਸਮਰਥਨ ਵੋਟਾਂ ਵਿਚ ਤਬਦੀਲ ਨਹੀਂ ਹੋਇਆ। ਹਾਲਾਂਕਿ ਪੰਜਾਬ ਵਿਚ 75 ਪ੍ਰਤੀਸ਼ਤ ਆਬਾਦੀ ਖੇਤੀ ਕਿਸਾਨੀ ਨਾਲ ਜੁੜੀ ਹੈ। ਕਿਸਾਨ ਅੰਦੋਲਨ ਦੇ ਕਾਰਨ ਇਹ ਕਿਆਸ ਲਗਾਏ ਜਾ ਰਹੇ ਸੀ ਕਿ 2022 ਦੀ ਚੋਣ ਖੇਤੀ ਕਿਸਾਨੀ ਦੇ ਮੁੱਦੇ ਆਲੇ ਦੁਆਲੇ ਹੀ ਲੜੀ ਜਾਵੇਗੀ। ਉਸ ਸਮੇਂ ਸੂਬੇ ਦੇ ਸਾਰੇ ਸਿਆਸਤਦਾਨ ਖੇਤੀ ਕਾਨੂੰਨ ਦੇ ਵਿਰੋਧ ਵਿਚ ਅੰਦੋਲਨ ਕਰ ਰਹੇ ਕਿਸਾਨਾਂ ਦੇ ਹਮਦਰਦ ਬਣੇ ਹੋਏ ਸੀ।

ਚੋਣਾਂ ਵਿਚ ਇਨ੍ਹਾਂ ਸਿਆਸਤਦਾਨਾਂ ਨੇ ਪ੍ਰਚਾਰ ਦੌਰਾਨ ਕਿਸਾਨਾਂ ਦੀ ਸਮੱਸਿਆਵਾਂ ਤੋਂ ਮੂੰਹ ਫੇਰ ਲਿਆ।



ਕਿਸਾਨਾਂ ਨੇ ਆਪਣੀ ਪਾਰਟੀ ਬਣਾਈ ਲੇਕਿਨ ਉਨ੍ਹਾਂ ਚੋਣਾਂ ਵਿਚ ਉਮੀਦ ਅਨੁਸਾਰ ਸਫਲਤਾ ਨਹੀਂ ਮਿਲੀ। ਕੇਂਦਰੀ ਦੇ ਤਿੰਨੋਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਲਗਭਗ 14 ਮਹੀਨੇ ਤੱਕ ਚੱਲਣ ਵਾਲੇ ਕਿਸਾਨ ਅੰਦੋਲਨ ਦੇ ਕਾਰਨ ਸਿਆਸੀ ਮਾਹਰ ਇਹ ਮੰਨ ਕੇ ਚਲ ਰਹੇ ਸੀ ਕਿ ਆਉਣ ਵਾਲੀ ਵਿਧਾਨ ਸਭਾ ਚੋਣਾਂ ਵਿਚ ਖੇਤੀ ਕਿਸਾਨੀ ਵੱਡਾ ਮੁੱਦਾ ਬਣੇਗਾ।

ਕਿਸਾਨ ਅੰਦੋਲਨ ਵਿਚ 700 ਤੋਂ ਜ਼ਿਆਦਾ ਕਿਸਾਨਾਂ ਦੀ ਮੌਤ ਵੀ ਹੋ ਗਈ। ਜਿਸ ਨੂੰ ਲੈ ਕੇ ਸਿਆਸੀ ਦਲਾਂ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਕਿਸਾਨਾਂ ਦੀ ਹਮਦਰਦੀ ਹਾਸਲ ਕੀਤੀ। ਪੰਜਾਬ ਦੀ ਕੁਲ 117 ਵਿਧਾਨ ਸਭਾ ਸੀਟਾਂ ਵਿਚੋਂ 77 ਸੀਟਾਂ ਅਜਿਹੀਆਂ ਸਨ ਜਿਨ੍ਹਾਂ 'ਤੇ ਕਿਸਾਨੀ ਦਾ ਪ੍ਰਭਾਵ ਸੀ। ਇਹ ਵੀ ਕਿਹਾ ਜਾ ਰਿਹਾ ਸੀ ਕਿ ਪੰਜਾਬ ਦੀ ਸੱਤਾ ਦੀ ਚਾਬੀ ਕਿਸਾਨਾਂ ਦੇ ਕੋਲ ਹੀ ਹੈ। ਲੇਕਿਨ ਚੋਣ ਨਤੀਜਿਆਂ ਨੇ ਸਭ ਕੁਝ ਡਾਵਾਂਡੋਲ ਕਰ ਦਿੱਤਾ।



## ਮੋਗਾ ਜ਼ਿਲ੍ਹੇ ਦੇ ਚਾਰੋ ਹਲਕਿਆਂ ਵਿਚ ਆਮ ਆਦਮੀ ਪਾਰਟੀ ਨੇ ਹਾਸਲ ਕੀਤੀ ਹੂੰਝਾਫੇਰ ਜਿੱਤ

ਮੋਗਾ/ ਭਵਨਦੀਪ ਸਿੰਘ ਪੁਰਬਾ



ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮੋਗਾ ਜਿਲ੍ਹੇ ਦੇ ਚਾਰੇ ਹਲਕਿਆ ਵਿੱਚ ਆਮ ਆਦਮੀ ਪਾਰਟੀ ਨੇ ਹੂੰਝਾਫੇਰ ਜਿੱਤ ਹਾਸਲ ਕੀਤੀ ਹੈ। ਆਏ ਹੋਏ ਚੋਣ ਨਤੀਜਿਆਂ ਮੁਤਾਬਕ ਮੋਗਾ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਡਾ: ਅਮਨਦੀਪ ਕੌਰ ਅਰੋੜਾ ਨੇ 59,149 ਵੋਟਾ ਪ੍ਰਾਪਤ ਕਰਕੇ ਆਪਣੇ ਮੁਕਾਬਲੇ ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਨੂੰ 20,915 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਥੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ ਦਾ ਪੁੱਤਰ ਬਰਜਿੰਦਰ ਸਿੰਘ ਮੱਖਣ ਬਰਾੜ ਤੀਜੇ ਸਥਾਨ ਤੇ ਰਿਹਾ।

ਮੋਗਾ ਜਿਲ੍ਹੇ ਦੇ ਦੂਜੇ ਹਲਕੇ ਨਿਹਾਲ ਸਿੰਘਵਾਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਮੌਜੂਦਾ ਵਿਧਾਇਕ ਵੀਰ ਮਨਜੀਤ ਸਿੰਘ ਬਿਲਾਸਪੁਰੀ ਨੇ 65,156 ਵੋਟਾਂ ਹਾਸਲ ਕਰਦਿਆਂ ਆਪਣੇ ਵਿਰੋਧੀ ਕਾਂਗਰਸ ਦੇ ਭੁਪਿੰਦਰ ਸਿੰਘ ਸਾਹੋਕੇ ਨੂੰ 37,984 ਵੋਟਾਂ ਦੇ ਅੰਤਰ ਨਾਲ ਹਰਾਇਆ ਹੈ। ਇਥੇ ਸ਼੍ਰੋਮਣੀ ਅਕਾਲੀ ਦਲ ਦੇ ਬਲਦੇਵ ਸਿੰਘ ਮਾਣੂੰਕੇ ਨੂੰ 26,758 ਵੋਟਾਂ ਹਾਸਲ ਹੋਈਆਂ ਹਨ। ਮੋਗਾ ਜਿਲ੍ਹੇ ਦੇ ਤੀਸਰੇ ਹਲਕੇ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ 65,378 ਵੋਟਾਂ ਹਾਸਲ ਕਰਕੇ ਕਾਂਗਰਸ ਦੇ ਵਿਧਾਇਕ ਸੁਖਜੀਤ ਸਿੰਘ (ਕਾਕਾ ਲੋਹਗੜ੍ਹ) ਨੂੰ 29,972 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਥੇ ਤੀਜੇ ਸਥਾਨ ਤੇ ਰਹੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ 30,051 ਵੋਟਾਂ ਹਾਸਲ ਹੋਈਆ ਹਨ। ਹਲਕਾ ਬਾਘਾਪੁਰਾਣਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ 67,143 ਵੋਟਾਂ ਹਾਸਲ ਕਰਕੇ ਆਪਣੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ 33,759 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਬਾਘਾਪੁਰਾਣਾ ਹਲਕੇ ਵਿੱਚ ਤੀਜੇ ਨੰਬਰ ਤੇ ਆਏ ਸਾਬਕਾ ਐਮ.ਐਲ.ਏ. ਦਰਸ਼ਨ ਸਿੰਘ ਬਰਾੜ ਨੂੰ ਸਿਰਫ 18,000 ਵੋਟਾਂ ਹੀ ਹਾਸਲ ਹੋਈਆਂ ਹਨ।

Scanned with CamScanner

# ਮਿੰਨੀ ਕਹਾਣੀਆਂ

## ਅਸਲੀ ਤਸਕਰ ਕੌਣ?

ਨੇਤਾ ਜੀ ਨੇ ਥਾਣੇ ਖ਼ਬਰ ਪਹੁੰਚਾਈ ਕਿ ਫਟਾ-ਫਟ ਇਲਾਕੇ ਦੇ ਨਸ਼ੇ ਦੇ ਸਾਰੇ ਤਸਕਰਾਂ ਨੂੰ ਇਕ ਹਫ਼ਤੇ ਦੇ ਅੰਦਰ-ਅੰਦਰ ਕਾਬੂ ਕਰੋ ਤੇ ਨਸ਼ੇ ਨੂੰ ਕਬਜ਼ੇ ਵਿੱਚ ਲਵੋ। ਥਾਣੇਦਾਰ ਨੇ ਗੁਦਾਮ ਵਿਚ ਭੁੱਕੀ ਦੀਆਂ ਬੋਰੀਆਂ ਤੇ ਸ਼ਰਾਬ ਦੀਆਂ ਬੋਤਲਾਂ ਤੇ ਅਫ਼ੀਮ ਦਾ ਟੱਰਕ ਭਰ ਗਿਆ। ਅਮਲੀਆਂ ਤੇ ਤਸਕਰਾਂ ਨੂੰ ਕੁੱਝ ਦਿਨ ਥਾਣੇ ਵਿੱਚ ਰੱਖਣ ਤੋਂ ਬਾਅਦ ਸਿਫਾਰਸ਼ ਆਦਿ ਨਾਲ ਚੇਤਾਵਨੀ ਦੇ ਕੇ ਛੱਡ ਦਿੱਤਾ ਗਿਆ। ਕਾਸਟੇਬਲ ਨੇ ਕਿਹਾ, ਹਜੂਰ ਇਹ ਨਸ਼ੇ ਦੇ ਭਰੇ ਟਰੱਕ ਦਾ ਕੀ ਕਰੀਏ।

ਥਾਣੇਦਾਰ ਨੇ ਮੁੱਛਾਂ ਤੇ ਹੱਥ ਫੇਰਦਿਆਂ ਕਿਹਾ, ਜਾਵੋ ਇਹਨੂੰ ਨੇਤਾ ਧਰਮ ਚੰਦ ਜੀ ਦੀ ਕੋਠੀ ਪਹੁੰਚਾ ਦੇਵੋ। ਉਹਨਾਂ ਸੁਨੇਹਾ ਘਲਿਆ ਐ ਕਿ ਅੱਗੇ ਆ ਰਹੀਆਂ ਚੋਣਾਂ ਲਈ ਭੁੱਕੀ, ਸ਼ਰਾਬ ਦੇ ਲੰਗਰ ਲਾਏ ਜਾਣਗੇ। ਉਹਨਾਂ ਨੂੰ ਮਾਲ ਦੀ ਸਖ਼ਤ ਜ਼ਰੂਰਤ ਹੈ। ਕਾਸਟੇਬਲ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਨਸ਼ੇ ਦੇ ਅਸਲੀ ਤਸਕਰ ਕੌਣ? ਉਹ ਜੋ ਨਸ਼ਾ ਵੇਚਦੇ ਹਨ ਜਾਂ ਉਹ ਜੋ ਸ਼ਰੇਆਮ ਨਸ਼ੇ ਦੇ ਲੰਗਰ ਲਾਉਂਦੇ ਹਨ।

**- ਸੁਖਵਿੰਦਰ ਕੌਰ 'ਹਰਿਆਓ'**
**ਸਕੱਤਰ ਮਾਲਵਾ ਲਿਖਾਰੀ ਸਭਾ, ਸੰਗਰੂਰ**

## ਕਲੀਨ ਚਿੱਟ

ਇੱਕ ਪਟਵਾਰੀ ਨੇ ਕਾਫੀ ਦੇਰ ਬਾਅਦ ਮਿਲੇ ਦੂਸਰੇ ਜ਼ਿਲ੍ਹੇ ਦੇ ਪਟਵਾਰੀ ਨੂੰ ਬੜੀ ਉਤਸੁਕਤਾ ਨਾਲ ਸਵਾਲ ਕਰਦਿਆਂ, ਪੁੱਛਿਆ, 'ਯਾਰ ਤੂੰ ਤਾਂ ਭਾਰੀ ਰਿਸ਼ਵਤ ਲੈਣ ਦੇ ਕੇਸ ਵਿੱਚ ਬੁਰੀ ਤਰ੍ਹਾਂ ਫਸ ਗਿਆ ਸੀ, ਪਰ ਤੂੰ ਤਾਂ ਫਿਰ ਸਰਕਾਰੀ ਰਿਕਾਰਡ ਅੱਜ ਚੁੱਕੀ ਫਿਰਦੈ...ਕੀ ਤੂੰ 8-10 ਮਹੀਨਿਆਂ 'ਚ ਹੀ ਇਸ ਝਮੇਲੇ ਚੋਂ ਨਿਕਲ ਪਿਐ।

ਹਾਂ, ਯਾਰ ਮੈਂ ਬਰੀ ਹੋ ਗਿਐਂ। ਮੈਨੂੰ ਕਲੀਨ ਚਿੱਟ ਮਿਲ ਗਈ ਸੀ।

ਹੈਂ? ਬਰੀ, ਪਰ ਯਾਰ ਕਿਵੇਂ...ਤੈਨੂੰ ਕਿਸ ਨੇ ਬਚਾਇਆ ਸਾਨੂੰ ਵੀ ਦੱਸ ਦੇ, ਕਿਤੇ ਲੋੜ ਪੈ ਜਾਂਦੀ ਐ।

'ਰਿਸ਼ਵਤ ਰਾਣੀ ਨੇ।'

ਹੈਂ, ਯਾਰ ਕਮਾਲ ਐ...ਰਿਸ਼ਵਤ ਦੇ ਕੇਸ 'ਚ ਤੂੰ ਖੁਦ ਫਸਿਆ ਤੇ ਬਚਾਇਆ, ਅਖੇ ਰਿਸ਼ਵਤ ਰਾਣੀ ਨੇ।

ਪਰ ਯਾਰ ਉਹ ਕਿਵੇਂ?

ਗੱਲ ਇਹ ਐ, ਕਿ ਬਈ ਭੀਮਿਆ ਤੈਨੂੰ ਪਤੈ, ਕਿ ਜਿਵੇਂ ਲੋਹੇ ਨੂੰ ਲੋਹਾ ਕੱਟਦੈ, ਬੰਦੇ ਨੂੰ ਬੰਦਾ। ਉਵੇਂ ਰਿਸ਼ਵਤ ਨੂੰ ਰਿਸ਼ਵਤ ਹੀ ਭਸਮ ਕਰਦੀ ਐ¢ਤੇ ਮੈਂ ਰਿਸ਼ਵਤ ਲੈਣ ਦੇ ਮੱਕੜੀ ਜਾਲ 'ਚ ਫਸਿਆ ਸੀ ਤੇ ਫਿਰ ਮੈਂ ਵੀ ਅੱਗੇ ਰਿਸ਼ਵਤ ਦੇ ਕੇ ਹੀ ਇਸ ਜਾਲ 'ਚੋਂ ਮੁੱਕਤ ਹੋ ਗਿਆ।

**ਡਾ. ਸਾਧੂ ਰਾਮ ਲੰਗੇਆਣਾ,**
**ਪਿੰਡ:- ਲੰਗੇਆਣਾ ਕਲਾਂ (ਮੋਗਾ)**

## ਰੋਟੀ ਦੇ ਰੂਪ

ਬੀਬੀ ਇੱਕ ਰੋਟੀ ਦੇ ਦੇ, ਇੱਕ ਰੋਟੀ ਦੇ ਦੇ ਬੀਬੀ। ਘਰ ਦੇ ਮੇਨ ਗੇਟ ਤੇ ਇਕ ਬੱਚਾ ਬਾਰ-ਬਾਰ ਇਹੀ ਰੱਟ ਲਗਾਈ ਜਾ ਰਿਹਾ ਸੀ, ਜਿਸ ਦੀ ਅਵਾਜ਼ ਵਿਚ ਇੱਕ ਤਰਲਾ ਜਿਹਾ ਸੀ, ਪਰ ਘਰ ਦੇ ਅੰਦਰ ਇਸ ਦੇ ਤਰਲੇ ਦਾ ਕਿਸੇ ਤੇ ਕੋਈ ਅਸਰ ਨਹੀਂ ਹੋ ਰਿਹਾ ਸੀ।"ਨੀ ਰਾਣੀ ਕਿੰਨਾ ਕੁ ਟੈਮ ਲੱਗੂ ਤੈਨੂੰ? ਆਪਾਂ ਬਾਬੇ ਦੀ ਰੋਟੀ ਬਾਰਾਂ ਵਜੇ ਤੋਂ ਪਹਿਲਾ ਖਵਾਉਣੀ ਐ, ਮਗਰੋਂ ਨੀ ਲੱਗਦੀ ਹੁੰਦੀ। ਅਚਾਨਕ ਮੇਰੀ ਨਾਨੀ ਨੇ ਚੁੱਲੇ ਚੌਕੇ ਵਿਚ ਕੰਮ ਕਰਦੀ ਆਪਣੀ ਨੂੰਹ ਮੇਰੀ ਮਾਸੀ ਨੂੰ ਤਾੜਣਾ ਜਹੀ ਕੀਤੀ।

"ਬੱਸ, ਬੀਜੀ ਖੀ ਬਣ ਗਈ ਐ, ਤੁਸੀਂ ਬਾਬਾ ਜੀ ਨੂੰ ਸੱਦ ਲਿਆਓ। ਮੇਰੀ ਮਾਸੀ ਨੇ ਵੀ ਖੀਰ ਵਾਲੇ ਪਤੀਲੇ ਵਿਚ ਕੜਛੀ ਮਾਰਦਿਆਂ ਜਵਾਬ ਦਿੱਤਾ।"ਸੋ ਫੇਰ ਮੈਂ ਬਾਬੇ ਨੂੰ ਸੱਦ ਈ ਲਿਆਵਾਂ। ਮੇਰੀ ਨਾਨੀ ਨੇ ਮੰਜੇ ਤੋਂ ਉੱਠਦੀ ਹੋਈ ਨੇ ਕਿਹਾ।"ਬੀਬੀ ਇੱਕ ਰੋਟੀ ਦੇ ਦੇ। ਬਾਹਰੋਂ ਫਿਰ ਉਸੇ ਬੱਚੇ ਦੀ ਅਵਾਜ਼ ਆਈ।"ਲਿਆ ਨੀ ਜੇ ਕੋਈ ਰਾਤ ਦੀ ਰੋਟੀ ਪਈ ਐ ਤਾਂ ਪਹਿਲਾਂ ਇਹਦਾ ਮੱਥਾ ਡੰਮਾ, ਕਦੋਂ ਦਾ ਕਾਵਾਂ ਰੌਲੀ ਪਾਈ ਜਾਂਦੈ। ਨਾਨੀ ਨੇ ਗੇਟ ਵੱਲ ਵੇਖਦੀ ਨੇ ਕਿਹਾ ਤੇ ਕੰਧੋਲੀ ਤੇ ਪਈਆਂ ਦੋ ਸੁੱਕੀਆਂ ਜਹੀਆਂ ਰੋਟੀਆਂ ਚੱਕ ਕੇ ਬਾਹਰ ਜਾਂਦੀ ਨੇ ਬੱਚੇ ਦੇ ਹੱਥ ਤੇ ਰੱਖ ਦਿੱਤੀਆਂ, ਤੇ ਆਪ ਬਾਬੇ ਨੂੰ ਸੱਦਣ ਚਲੀ ਗਈ।

**-ਜਗਦੀਸ਼ ਪ੍ਰੀਤਮ, ਠੱਠੀ ਭਾਈ**

## ਪਾਪ ਦੀ ਕਮਾਈ

ਮੈਂ ਆਪਣੇ ਪਿੰਡ ਦੇ ਕੁਝ ਲੜਕਿਆਂ ਨਾਲ ਸ਼ਹਿਰ ਕਾਲਜ ਵਿਚ ਪੜਦਾ ਸੀ। ਮੈਂ ਸਾਧਾਰਨ ਪਰਿਵਾਰ ਦਾ ਲੜਕਾ ਹੋਣ ਕਰਕੇ ਘਰੋਂ ਕਦੇ ਵੀ ਜੇਬ ਖਰਚ ਵਾਸਤੇ ਰੁਪਏ ਨਹੀਂ ਲੈ ਕੇ ਗਿਆ ਸੀ। ਕਿਉਂਕਿ ਮੈਨੂੰ ਆਪਣੇ ਘਰ ਦੀ ਪਤਲੀ ਹਾਲਤ ਦਾ ਪਤਾ ਸੀ। ਮੈਂ ਹਮੇਸ਼ਾ ਦਿਲ ਗਾ ਕੇ ਪੜਦਾ ਅਤੇ ਕਦੇ ਵੀ ਕੋਈ ਪੀਰੀਅਡ ਖਾਲੀ ਨਾ ਜਾਣ ਦਿੰਦਾ ਜਦੋਂ ਕਿ ਮੇਰੇ ਨਾਲ ਦੇ ਬਾਕੀ ਸਾਥੀ ਘਰੋਂ ਅਮੀਰ ਸਨ। ਜਿਸ ਕਰਕੇ ਉਹ ਜੇਬ ਖਰਚ ਵੀ ਖੁੱਲਾ ਹੀ ਕਰਦੇ। ਕਦੇ ਕੰਨਟੀਨ ਕਦੇ ਸਿਨੇਮਾ ਘਰ ਅਤੇ ਕਦੇ ਕਾਲਜ ਦੇ ਪਾਰਕ ਵਿਚ ਹੀ ਬੈਠੇ ਰਹਿੰਦੇ ਪੜ੍ਹਾਈ ਵੱਲ ਉਨ੍ਹਾਂ ਨੇ ਕਦੇ ਵੀ ਧਿਆਨ ਨਹੀਂ ਦਿੱਤਾ ਸੀ। ਜਿਸ ਕਰਕੇ ਉਨਾਂ ਨਾਲ ਘੱਟ ਹੀ ਬਣਦੀ ਸੀ।

ਹੁਣ ਕਾਲਜ ਵਿਚ ਪੇਪਰ ਸ਼ੁਰੂ ਹੋ ਗਏ ਸਨ। ਕੱਲ ਮੇਰਾ ਪਹਿਲਾ ਪੇਪਰ ਸੀ। ਮੈਂ ਦੇਰ ਰਾਤ ਤੱਕ ਪੇਪਰ ਦੀ ਤਿਆਰੀ ਕਰਦਾ ਰਿਹਾ। ਮੇਰਾ ਪੇਪਰ ਬਹੁਤ ਹੀ ਵਧੀਆ ਹੋਇਆ ਸੀ। ਭਾਵੇਂ ਕਿ ਮੇਰਾ ਥੋੜਾ ਸਿਰ ਵੀ ਦੁੱਖਦਾ ਸੀ। ਪੇਪਰ ਦੇਣ ਤੋਂ ਬਾਅਦ ਮੈਂ ਕੰਨਟੀਨ ਤੋਂ ਘੁੱਟ ਚਾਹ ਪੀਣ ਲਈ ਚਲਾ ਗਿਆ। 'ਆਜਾ ਬਈ ਸਾਡੇ ਕੋਲ ਤੈਨੂੰ ਪਾਰਟੀ ਕਰਦੇ ਹਾਂ।' ਕੰਨਟੀਨ ਵਿਚ ਬੈਠੇ ਹੋਏ ਮੇਰੇ ਪਿੰਡ ਦੇ ਨੌਜਵਾਨਾਂ ਨੇ ਮੈਨੂੰ ਆਵਾਜ਼ ਮਾਰ ਲਈ। ਇਹਨੇ ਟਾਈਮ ਨੂੰ ਸਮੌਸੇ ਅਤੇ ਕੌਫੀ ਵੀ ਆ ਚੁੱਕੀ ਸੀ। 'ਪਾਰਟੀ ਕਿਸ ਖੁਸ਼ੀ ਵਿਚ ਦੇ ਰਹੇ ਹੋ, ਲੱਗਦਾ ਪੇਪਰ ਬਹੁਤ ਵਧੀਆ ਹੋਇਆ ਹੈ।' ਮੈਂ ਆਪਣੇ ਸਾਥੀਆਂ ਨੂੰ ਆਖਿਆ। 'ਨਹੀਂ ਯਾਰ ਇਹ ਗੱਲ ਨਹੀਂ ਹੈ। ਰਾਤ ਜੂਏ ਵਿਚ ਦੋ ਹਜ਼ਾਰ ਰੁਪਏ ਜਿੱਤੇ ਸਨ।'

ਆਪਣੇ ਸਾਥੀ ਦੇ ਮੂੰਹੋਂ ਜੂਏ ਦੀ ਗੱਲ ਸੁਣ ਕੇ ਮੈਨੂੰ ਲੱਗਾ ਕਿ ਇਸ ਪਾਰਟੀ ਵਿਚ ਹਾਜ਼ਰ ਹੋ ਕੇ ਮੈਂ ਵੀ ਪਾਪ ਦੀ ਕਮਾਈ ਦਾ ਭਾਗੀਦਾਰ ਬਣ ਗਿਆ ਹਾਂ। ਮੈਂ ਬਿਨਾਂ ਕੁਝ ਪੀਤੇ ਉੱਠ ਕੇ ਕੰਨਟੀਨ ਤੋਂ ਬਾਹਰ ਆ ਗਿਆ।

**-ਡਾ. ਰਾਜਵੀਰ ਸਿੰਘ ਸੂੰਧ ਭਲੂਰ**




Scanned with CamScanner




# 'ਮਹਿਕ ਵਤਨ ਦੀ ਲਾਈਵ' ਬਿਓਰੋ

'ਮਹਿਕ ਵਤਨ ਦੀ ਲਾਈਵ' ਮਾਸਿਕ ਮੈਗਜੀਨ

'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ

ਰੋਜਾਨਾ ਆਨਲਾਈਨ ਅਖਬਾਰ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ




International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

**Web TV * Monthly Magazine * Daily Online Newspaper**

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।



Chief Editor:
Bhawandeep Singh Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ
Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

**Help Line: 9988 92 9988**

www.mehakwatandilive.com

Scanned with CamScanner